Test Booklet No.
परीक्षा पुस्तिका संख्या

This Booklet contains **20** printed pages.
इस पुस्तिका में **20** मुद्रित पृष्ठ हैं ।

# MAK-23-I

**PAPER I / प्रश्न-पत्र I**
**PART IV & V / भाग IV & V**
**Punjabi Language Supplement**
**पंजाबी भाषा परिशिष्ट**

**Test Booklet Code**
**परीक्षा पुस्तिका कोड**

# C

**Do not open this Test Booklet until you are asked to do so.**
**इस परीक्षा पुस्तिका को तब तक न खोलें जब तक कहा न जाए ।**
**Read carefully the Instructions on the Back Cover (Page 19 & 20) of this Test Booklet.**
**इस परीक्षा पुस्तिका के पिछले आवरण (पृष्ठ 19 व 20) पर दिए गए निर्देशों को ध्यान से पढ़ें ।**

**For instructions in Punjabi see Page 2 of this booklet. / पंजाबी में निर्देशों के लिए इस पुस्तिका का पृष्ठ 2 देखें ।**

## *INSTRUCTIONS FOR CANDIDATES*

1. This booklet is a supplement to the Main Test Booklet for those candidates who wish to answer **EITHER** Part IV (Language I) **OR** Part V (Language II) in **PUNJABI** language, but **NOT BOTH**.
2. Candidates are required to answer Parts I, II, III from the Main Test Booklet and Parts IV and V from the languages chosen by them.
3. Questions on English and Hindi languages for Part IV and Part V have been given in the Main Test Booklet. Language Supplements can be asked for separately.
4. Use **Blue/Black Ball Point Pen only** for writing particulars on this page/marking responses in the Answer Sheet.
5. The CODE for this Language Booklet is **C**. Make sure that the CODE printed on **Side-2** of the Answer Sheet and on your Main Test Booklet is the same as that on this Language Supplement Booklet. In case of discrepancy, the candidate should immediately report the matter to the Invigilator for replacement of the Language Supplement Test Booklet.
6. This Test Booklet has **two** Parts, IV and V consisting of **60** Objective Type Questions, and each carries 1 mark :
   Part IV : Language I – (Punjabi) *(Q. Nos. 91 – 120)*
   Part V : Language II – (Punjabi) *(Q. Nos. 121 – 150)*
7. Part IV contains 30 questions for Language I and Part V contains 30 questions for Language II. In this Test Booklet, only questions pertaining to Punjabi language have been given. **In case the language(s) you have opted for as Language I and/or Language II is a language other than Punjabi, please ask for a Supplement (Language) Test Booklet of C Code that contains questions on that language. The languages being answered must tally with the languages opted for in your Application Form. No change in languages is allowed.**
8. **Candidates are required to attempt questions in Language II (Part V) in a language other than the one chosen as Language I (Part IV) from the list of languages.**
9. Rough work should be done only in the space provided in the Test Booklet for the same.
10. The answers are to be recorded on the OMR Answer Sheet only. Mark your responses carefully. No whitener is allowed for changing answers.

## *परीक्षार्थियों के लिए निर्देश*

1. यह पुस्तिका मुख्य परीक्षा पुस्तिका की एक परिशिष्ट है, उन परीक्षार्थियों के लिए जो **या** तो भाग IV (भाषा I) **या** भाग V (भाषा II) **पंजाबी** भाषा में देना चाहते हैं, लेकिन **दोनों नहीं** ।
2. परीक्षार्थी भाग I, II, III के उत्तर मुख्य परीक्षा पुस्तिका से दें और भाग IV व V के उत्तर उनके द्वारा चुनी भाषाओं से ।
3. अंग्रेज़ी व हिन्दी भाषा पर प्रश्न मुख्य परीक्षा पुस्तिका में भाग IV व भाग V के अन्तर्गत दिए गए हैं । भाषा परिशिष्टों को आप अलग से माँग सकते हैं ।
4. इस पृष्ठ पर विवरण अंकित करने एवं उत्तर पत्र पर निशान लगाने के लिए **केवल नीले/काले बॉल पॉइंट पेन** का प्रयोग करें ।
5. इस भाषा पुस्तिका का **कोड C** है । यह सुनिश्चित कर लें कि इस भाषा परिशिष्ट पुस्तिका का कोड, उत्तर पत्र के **पृष्ठ-2** एवं मुख्य प्रश्न पुस्तिका पर छपे कोड से मिलता है । अगर यह भिन्न हो तो परीक्षार्थी दूसरी भाषा परिशिष्ट परीक्षा पुस्तिका लेने के लिए निरीक्षक को तुरन्त अवगत कराएँ ।
6. इस परीक्षा पुस्तिका में **दो** भाग IV और V हैं, जिनमें **60** वस्तुनिष्ठ प्रश्न हैं, तथा प्रत्येक 1 अंक का है :
   भाग IV : भाषा I – (पंजाबी) *(प्रश्न सं. 91 – 120)*
   भाग V : भाषा II – (पंजाबी) *(प्रश्न सं. 121 – 150)*
7. भाग IV में भाषा I के लिए 30 प्रश्न और भाग V में भाषा II के लिए 30 प्रश्न दिए गए हैं । इस परीक्षा पुस्तिका में केवल पंजाबी भाषा से सम्बन्धित प्रश्न दिए गए हैं । **यदि भाषा I और/या भाषा II में आपके द्वारा चुनी गई भाषा(एँ) पंजाबी के अलावा है/हैं, तो कृपया C कोड वाली उस भाषा वाली परिशिष्ट (भाषा) परीक्षा पुस्तिका माँग लीजिए । जिन भाषाओं के प्रश्नों के उत्तर आप दे रहे हैं वह आवेदन पत्र में चुनी गई भाषाओं से अवश्य मेल खानी चाहिए । भाषाओं का परिवर्तन अनुमन्य नहीं है ।**
8. **परीक्षार्थी भाषा II (भाग V) के लिए, भाषा सूची से ऐसी भाषा चुनें जो उनके द्वारा भाषा I (भाग IV) में चुनी गई भाषा से भिन्न हो ।**
9. रफ कार्य परीक्षा पुस्तिका में इस प्रयोजन के लिए दी गई खाली जगह पर ही करें ।
10. सभी उत्तर केवल OMR उत्तर पत्र पर ही अंकित करें । अपने उत्तर ध्यानपूर्वक अंकित करें । उत्तर बदलने हेतु श्वेत रंजक का प्रयोग निषिद्ध है ।

Name of the Candidate (in Capital Letters) : ______________________
परीक्षार्थी का नाम (बड़े अक्षरों में) :
Roll Number (अनुक्रमांक) : in figures (अंकों में) ______________________
: in words (शब्दों में) ______________________

Centre of Examination (in Capital Letters) : ______________________
परीक्षा केन्द्र (बड़े अक्षरों में) :
Candidate's Signature : ______________ Invigilator's Signature : ______________
परीक्षार्थी के हस्ताक्षर : निरीक्षक के हस्ताक्षर :
Facsimile signature stamp of Centre Superintendent ______________________

ਇਸ ਪੁਸਤਿਕਾ ਵਿੱਚ **20** ਛਪੇ ਪੰਨੇ ਹਨ ।

# MAK-23-I

## ਪੇਪਰ I

## ਭਾਗ IV & V

## ਪੰਜਾਬੀ ਭਾਸ਼ਾ ਪੂਰਕ

**ਪਰੀਖਿਆ ਪੁਸਤਿਕਾ ਕੋਡ**

**C**

**ਇਸ ਪਰੀਖਿਆ ਪੁਸਤਿਕਾ ਨੂੰ ਉਦੋਂ ਤੱਕ ਨਾ ਖੋਲ੍ਹੋ ਜਦੋਂ ਤੱਕ ਕਿਹਾ ਨਾ ਜਾਵੇ ।**

**ਇਸ ਪਰੀਖਿਆ ਪੁਸਤਿਕਾ ਦੇ ਪਿੱਛਲੇ ਪੰਨੇ (19 & 20) ਤੇ ਦਿੱਤੇ ਨਿਰੇਦਸ਼ਾਂ ਨੂੰ ਧਿਆਨ ਨਾਲ ਪੜ੍ਹੋ ।**

***ਪਰੀਖਿਆਰਥੀਆਂ ਲਈ ਨਿਰਦੇਸ਼ :***

1. ਇਹ ਪੁਸਤਿਕਾ ਮੁੱਖ ਪ੍ਰਸ਼ਨ ਪੁਸਤਿਕਾ ਦੀ ਇੱਕ ਪੂਰਕ ਹੈ, ਉਨ੍ਹਾਂ ਵਿਦਿਆਰਥੀਆਂ ਲਈ ਜੋ ਜਾਂ ਤਾਂ ਭਾਗ IV (ਭਾਸ਼ਾ I) ਜਾਂ ਭਾਗ V (ਭਾਸ਼ਾ II) ਪੰਜਾਬੀ ਭਾਸ਼ਾ ਵਿੱਚ ਦੇਣਾ ਚਾਹੁੰਦੇ ਹਨ ਪਰ ਦੋਨਾਂ ਵਿੱਚ ਨਹੀਂ ।
2. ਪਰੀਖਿਆਰਥੀ ਭਾਗ I, II, III ਦੇ ਉੱਤਰ ਮੁੱਖ ਪਰੀਖਿਆ ਪੁਸਤਿਕਾ ਵਿੱਚੋਂ ਦੇਣ ਅਤੇ ਭਾਗ IV ਅਤੇ V ਦੇ ਉੱਤਰ ਉਨ੍ਹਾਂ ਦੁਆਰਾ ਚੁਣੀਆਂ ਭਾਸ਼ਾਵਾਂ ਵਿੱਚੋਂ ।
3. ਅੰਗਰੇਜ਼ੀ ਅਤੇ ਹਿੰਦੀ ਭਾਸ਼ਾਵਾਂ ਉੱਤੇ ਦਿੱਤੇ ਪ੍ਰਸ਼ਨ ਮੁੱਖ ਪਰੀਖਿਆ ਪੁਸਤਿਕਾ ਵਿੱਚ ਭਾਗ IV ਅਤੇ ਭਾਗ V ਵਿੱਚ ਦਿੱਤੇ ਗਏ ਹਨ । ਪੂਰਕ ਭਾਸ਼ਾ ਲਈ ਤੁਸੀਂ ਅਲਗ ਤੋਂ ਮੰਗ ਸਕਦੇ ਹੋ ।
4. ਇਸ ਪੰਨੇ ਉੱਤੇ ਵਿਵਰਨ ਦੇਣ ਲਈ ਅਤੇ ਉੱਤਰ ਪੱਤਰ ਤੇ ਨਿਸ਼ਾਨ ਲਗਾਉਣ ਲਈ ਕੇਵਲ ਨੀਲੇ/ਕਾਲੇ ਬਾਲ ਪੁਆਇੰਟ ਪੈੱਨ ਦਾ ਹੀ ਇਸਤੇਮਾਲ ਕਰੋ ।
5. ਇਸ ਭਾਸ਼ਾ ਪੁਸਤਿਕਾ ਦਾ ਕੋਡ ਹੈ **C**. ਇਹ ਗੱਲ ਨਿਸ਼ਚਿਤ ਕਰ ਲਓ ਕਿ ਇਸ ਪੂਰਕ ਭਾਸ਼ਾ ਪੁਸਤਿਕਾ ਦਾ ਕੋਡ, ਉੱਤਰ ਪੱਤਰ ਦੇ ਪੰਨਾ-2 ਅਤੇ ਮੁੱਖ ਪਰੀਖਿਆ ਪੁਸਤਿਕਾ ਉੱਤੇ ਛਪੇ ਕੋਡ ਨਾਲ ਮਿਲਦਾ ਹੈ । ਜੇ ਕਿਤੇ ਕੋਈ ਫ਼ਰਕ ਹੈ ਤਾਂ ਪਰੀਖਿਆਰਥੀ ਪੂਰਕ ਭਾਸ਼ਾ ਦੀ ਦੂਜੀ ਪਰੀਖਿਆ ਪੁਸਤਿਕਾ ਲੈਣ ਲਈ ਤੁਰੰਤ ਨਿਰੀਖਿਅਕ ਨੂੰ ਸੂਚਿਤ ਕਰੇ ।
6. ਇਸ ਪਰੀਖਿਆ ਪੁਸਤਿਕਾ ਵਿੱਚ ਦੋ ਭਾਗ IV ਅਤੇ V ਹਨ, ਜਿਸ ਵਿੱਚ 60 ਵਸਤੂਪਰਕ ਪ੍ਰਸ਼ਨ ਹਨ, ਹਰੇਕ ਲਈ 1 (ਇੱਕ) ਅੰਕ ਹੈ :
   ਭਾਗ IV : ਭਾਸ਼ਾ I — (ਪੰਜਾਬੀ) (ਪ੍ਰ. 91 ਤੋਂ ਪ੍ਰ. 120)
   ਭਾਗ V : ਭਾਸ਼ਾ II — (ਪੰਜਾਬੀ) (ਪ੍ਰ. 121 ਤੋਂ ਪ੍ਰ. 150)
7. ਭਾਗ IV ਵਿੱਚ ਭਾਸ਼ਾ I ਵਾਸਤੇ 30 ਪ੍ਰਸ਼ਨ ਅਤੇ ਭਾਗ V ਵਿੱਚ ਭਾਸ਼ਾ II ਲਈ ਵੀ 30 ਪ੍ਰਸ਼ਨ ਦਿੱਤੇ ਗਏ ਹਨ । ਇਸ ਪਰੀਖਿਆ ਪੁਸਤਿਕਾ ਵਿੱਚ ਕੇਵਲ ਪੰਜਾਬੀ ਭਾਸ਼ਾ ਨਾਲ ਸੰਬੰਧਿਤ ਪ੍ਰਸ਼ਨ ਦਿੱਤੇ ਗਏ ਹਨ । **ਅਗਰ ਭਾਸ਼ਾ I ਅਤੇ/ਜਾਂ ਭਾਸ਼ਾ II ਵਿੱਚ ਤੁਹਾਡੇ ਦੁਆਰਾ ਚੁਣੀ ਗਈ ਭਾਸ਼ਾ(ਵਾਂ) ਪੰਜਾਬੀ ਤੋਂ ਇਲਾਵਾ ਹੈ ਤਾਂ ਕਿਰਪਾ ਕਰਕੇ C ਕੋਡ ਵਾਲੀ ਆਪਣੀ ਚੁਣੀ ਭਾਸ਼ਾ ਵਾਲੀ ਪੂਰਕ (ਭਾਸ਼ਾ) ਪਰੀਖਿਆ ਪੁਸਤਿਕਾ ਮੰਗ ਲਓ । ਜਿਨ੍ਹਾਂ ਭਾਸ਼ਾਵਾਂ ਦੇ ਪ੍ਰਸ਼ਨਾਂ ਦੇ ਉੱਤਰ ਤੁਸੀਂ ਦੇ ਰਹੇ ਹੋ, ਉਹ ਤੁਹਾਡੇ ਆਵੇਦਨ ਪੱਤਰ ਵਿੱਚ ਚੁਣੀਆਂ ਗਈਆਂ ਭਾਸ਼ਾਵਾਂ ਹੀ ਹੋਣੀਆਂ ਚਾਹੀਦੀਆਂ ਹਨ । ਭਾਸ਼ਾਵਾਂ ਵਿਚ ਤਬਦੀਲੀ ਦੀ ਆਗਿਆ ਨਹੀਂ ਹੈ ।**
8. ਪਰੀਖਿਆਰਥੀ ਭਾਸ਼ਾ II (ਭਾਗ V) ਲਈ, ਭਾਸ਼ਾ ਸੂਚੀ ਵਿੱਚੋਂ ਅਜਿਹੀ ਭਾਸ਼ਾ ਚੁਣੋ ਜੋ ਉਨ੍ਹਾਂ ਦੁਆਰਾ ਚੁਣੀ ਭਾਸ਼ਾ I (ਭਾਗ IV) ਵਿੱਚ ਚੁਣੀ ਗਈ ਭਾਸ਼ਾ ਤੋਂ ਵੱਖਰੀ ਹੋਵੇ ।
9. ਪ੍ਰਸ਼ਨ ਪੁਸਤਿਕਾ ਵਿੱਚ ਦਿੱਤੇ ਗਏ ਕੱਚੇ ਕੰਮ ਲਈ ਖਾਲੀ ਥਾਂ ਵਿੱਚ ਹੀ ਕੱਚਾ ਕੰਮ ਕਰੋ ।
10. ਸਾਰੇ ਉੱਤਰ ਕੇਵਲ ਓ.ਐੱਮ.ਆਰ. (OMR) ਉੱਤਰ ਪੱਤਰ ਉੱਤੇ ਹੀ ਕੀਤੇ ਜਾਣ । ਆਪਣੇ ਉੱਤਰਾਂ 'ਤੇ ਧਿਆਨ ਨਾਲ ਨਿਸ਼ਾਨ ਲਗਾਓ । ਉੱਤਰ ਬਦਲਣ ਲਈ ਸਫ਼ੇਦ ਸਿਆਹੀ ਦੀ ਵਰਤੋਂ ਵਰਜਿਤ ਹੈ ।

ਪਰੀਖਿਆਰਥੀ ਦਾ ਨਾਂ : ______________________

ਰੋਲ ਨੰਬਰ : ਅੰਕਾਂ ਵਿੱਚ ______________________

: ਸ਼ਬਦਾਂ ਵਿੱਚ ______________________

ਪਰੀਖਿਆ ਕੇਂਦਰ : ______________________

ਪਰੀਖਿਆਰਥੀ ਦੇ ਦਸਖ਼ਤ : ______________ ਨਿਰੀਖਿਅਕ ਦੇ ਦਸਖ਼ਤ : ______________

Facsimile signature stamp of Centre Superintendent ______________________

ਪ੍ਰੀਖਿਆਰਥੀ ਹੇਠ ਲਿਖੇ ਭਾਗ ਦੇ ਪ੍ਰਸ਼ਨਾਂ ਦੇ ਉੱਤਰ ਕੇਵਲ ਤਾਂ ਹੀ ਦੇਵੇ ਜੇਕਰ ਉਸਨੇ **ਭਾਗ – I** ਦਾ ਵਿਕਲਪ **ਪੰਜਾਬੀ** ਚੁਣਿਆ ਹੈ ।

# ਭਾਗ IV

## ਭਾਸ਼ਾ I

## ਪੰਜਾਬੀ

***ਨਿਰਦੇਸ਼ :*** *ਹੇਠ ਲਿਖੇ ਪੈਰੇ ਨੂੰ ਪੜ੍ਹ ਕੇ ਉਸ ਹੇਠਾਂ ਦਿੱਤੇ ਪ੍ਰਸ਼ਨਾਂ (91 – 99) ਦੇ ਉੱਤਰ ਢੁੱਕਵੇਂ ਵਿਕਲਪਾਂ ਨਾਲ ਦਿਉ ।*

ਮਹਾਰਾਜਾ ਰਣਜੀਤ ਸਿੰਘ ਦੇ ਵੰਸ਼ ਦੀ ਫੁੱਟ, ਸਰਦਾਰਾਂ ਦੀ ਈਰਖਾਬਾਜ਼ੀ ਤੇ ਡੋਗਰਾ ਗਰਦੀ ਨੇ ਇਹ ਸੂਬਾ 1849 ਈਸਵੀ ਵਿਚ ਅੰਗਰੇਜ਼ਾਂ ਦੀ ਭੇਟ ਚੜ੍ਹਾ ਦਿੱਤਾ । ਭਾਵੇਂ ਸ਼ਾਹ ਮੁਹੰਮਦ ਨੇ 'ਸਭਰਾਵਾਂ' ਤੇ 'ਮੁਦਕੀ' ਦੀਆਂ ਲੜਾਈਆਂ ਵਿਚ ਪੰਜਾਬੀ ਸੂਰਬੀਰਾਂ ਦੀ ਬਹਾਦਰੀ ਦਾ 'ਜੱਸ' ਗਾ ਕੇ ਇਹ ਦੱਸ ਦਿੱਤਾ ਕਿ ਪੰਜਾਬੀ ਕਿਸੇ ਵੀ ਵੱਡੀ ਤਾਕਤ ਨਾਲ ਦਸਤ-ਪੰਜਾ ਲੈਣ ਦੀ ਹਿੰਮਤ ਰੱਖਦੇ ਹਨ । ਪਰੰਤੂ, ਅੰਗਰੇਜ਼ਾਂ ਨੇ ਤਾਕਤ ਨਾਲੋਂ ਆਪਣੀ ਕੁਟਿਲ ਨੀਤੀ 'ਪਾੜੋ ਤੇ ਰਾਜ ਕਰੋ' ਨਾਲ ਪੰਜਾਬੀ ਲੋਕਾਂ ਦੇ 'ਗ਼ੱਦਾਰ ਅੰਸ਼' ਨੂੰ ਆਪਣੇ ਵੱਸ ਵਿਚ ਕਰ ਲਿਆ ਸੀ ।

ਪੰਜਾਬ ਵਿਚ ਅੰਗਰੇਜ਼ਾਂ ਤੋਂ ਵੀ ਪਹਿਲਾਂ ਸ਼ੇਰ ਸ਼ਾਹ ਸੂਰੀ ਨੇ ਸੜਕਾਂ ਦਾ ਜਾਲ ਵਿਛਾਇਆ ਤੇ ਸਰਾਵਾਂ ਬਣਵਾਈਆਂ । (ਜੀ.ਟੀ. ਰੋਡ ਨੂੰ ਸ਼ੇਰ ਸ਼ਾਹ ਸੂਰੀ ਮਾਰਗ ਵੀ ਕਿਹਾ ਜਾਂਦਾ ਹੈ) ਤੇ ਜ਼ਮੀਨ ਦੇ ਮਾਮਲੇ ਦੀ ਉਗਰਾਹੀ ਦੀ ਰਵਾਇਤ ਤੋਰੀ । ਇਹ ਪ੍ਰਸਿੱਧ ਸਿਆਸਤਦਾਨ ਹੁਸ਼ਿਆਰਪੁਰ ਕੋਲ ਬਜਵਾੜੇ ਪਿੰਡ ਵਿਚ ਜੰਮਿਆ ਸੀ । ਇਸ ਬਾਰੇ ਇਤਿਹਾਸਕਾਰਾਂ ਦਾ ਵਿਚਾਰ ਹੈ ਕਿ ਕਿਸੇ ਵੀ ਹੋਰ ਦੇਸ਼ੀ ਜਾਂ ਵਿਦੇਸ਼ੀ ਰਾਜੇ ਨੇ ਏਨੇ ਥੋੜ੍ਹੇ ਸਮੇਂ ਵਿੱਚ ਏਨਾ ਕੁਝ ਨਹੀਂ ਕਰਕੇ ਵਿਖਾਇਆ । ਕਰੁਕਸ ਅਨੁਸਾਰ ਸ਼ੇਰ ਸ਼ਾਹ ਹਿੰਦੁਸਤਾਨ ਦਾ ਪਹਿਲਾ ਬਾਦਸ਼ਾਹ ਸੀ, ਜਿਸ ਨੇ ਇਸ ਦੇਸ਼ ਨੂੰ ਕੌਮਾਂਤਰੀ ਲੀਹਾਂ ਉੱਤੇ ਪਾਉਣ ਦਾ ਸਫਲ ਜਤਨ ਕੀਤਾ । ਰਾਜਾ ਟੋਡਰ ਮੱਲ, ਸਾਅਦੁੱਲਾ ਖ਼ਾਂ ਅਤੇ ਬੀਰਬਲ, ਪੰਜਾਬ ਦੀਆਂ ਕੁਝ ਹੋਰ ਮਸ਼ਹੂਰ ਹਸਤੀਆਂ ਹਨ ਜਿਨ੍ਹਾਂ ਨੇ ਵਿਸ਼ਵ ਇਤਿਹਾਸ ਵਿਚ ਸਮੇਂ ਸਮੇਂ ਆਪਣਾ ਤੇ ਪੰਜਾਬ ਦਾ ਨਾਮ ਰੋਸ਼ਨ ਕੀਤਾ ਹੈ ।

ਬੀਰਬਲ ਜਿੱਥੇ ਇਕ ਮਹਾਨ ਨੀਤੀਵਾਨ, ਸੂਰਬੀਰ ਤੇ ਨਿਧੜਕ ਜਰਨੈਲ ਸੀ, ਉਥੇ ਉਹ ਹਾਸ ਰਸ ਅਤੇ ਹਾਜ਼ਰ ਜਵਾਬੀ ਕਾਰਨ ਵੀ ਲੋਕਪ੍ਰਿਯ ਰਿਹਾ ਹੈ । ਅਕਬਰ, ਬੀਰਬਲ ਦੇ ਲਤੀਫੇ, ਸ਼ੇਖ਼ਚਿਲੀ ਦੀਆਂ ਕਹਾਣੀਆਂ, ਜੱਲ੍ਹਣ ਅਤੇ ਸੁਥਰੇ ਦੇ ਹਾਸਰਸੀ ਅਤੇ ਨੀਤੀ ਭਰਪੂਰ ਟੋਟਕੇ ਅੱਜ ਤਕ ਲੋਕਾਂ ਦੇ ਮਨਪ੍ਰਚਾਵੇ ਦਾ ਸਾਧਨ ਬਣੇ ਹੋਏ ਹਨ । ਮਸਖਰਾਪਣ ਪੰਜਾਬੀ ਸੁਭਾਅ ਦਾ ਅਨਿੱਖੜ ਅੰਗ ਹੈ ।

ਨਾਥ ਜੋਗੀ ਪਰੰਪਰਾ ਅਤੇ ਭਗਤੀ ਲਹਿਰ ਨੇ ਵੀ ਪੰਜਾਬੀ ਸਭਿਆਚਾਰ ਨੂੰ ਬਹੁਤ ਪ੍ਰਭਾਵਿਤ ਕੀਤਾ ਹੈ । ਇਨ੍ਹਾਂ ਦੋਵੇਂ ਪਰੰਪਰਾਵਾਂ ਦਾ ਮੁਖ ਆਸ਼ਾ ਧਾਰਮਿਕ ਪ੍ਰਚਾਰ ਕਰਨਾ ਤੇ ਲੋਕਾਂ ਨੂੰ ਵੱਖ-ਵੱਖ ਢੰਗਾਂ ਨਾਲ ਈਸ਼ਵਰ ਦੀ ਸ਼ਕਤੀ ਵਿਚ ਵਿਸ਼ਵਾਸ ਕਰਵਾਉਣਾ ਸੀ । ਪਰੰਤੂ, ਇਨ੍ਹਾਂ ਕੋਲੋਂ ਸਹਿਜ ਸੁਭਾਅ ਕੁਝ ਸਮਾਜ-ਸੁਧਾਰਾਂ ਦੇ ਕਾਰਜ ਵੀ ਹੋ ਗਏ । ਖ਼ਾਸ ਕਰ ਕੇ ਭਗਤੀ ਲਹਿਰ ਨੇ ਵਧੇਰੇ ਗਰਮਜੋਸ਼ੀ ਨਾਲ ਸਮਾਜਕ ਬੁਰਾਈਆਂ ਦਾ ਟਾਕਰਾ ਕੀਤਾ । ਭਗਤੀ ਲਹਿਰ ਦੇ ਮੋਢੀ ਸ੍ਰੀ ਰਾਮਾਨੰਦ ਤੇ ਵਲਭਚਾਰੀਆ ਬ੍ਰਾਹਮਣ ਹੁੰਦੇ ਹੋਏ ਵੀ ਛੂਤਛਾਤ ਤੇ ਊਚਨੀਚ ਦੇ ਬੰਧਨਾਂ ਨੂੰ ਸਵੀਕਾਰ ਨਹੀਂ ਸਨ ਕਰਦੇ ।

**91.** ਮਾਮਲਾ ਇੱਕਤਰ ਕਰਨ ਦੀ ਸ਼ੁਰੂਆਤ ਕਿਸਨੇ ਕੀਤੀ ?

(1) ਕਰੁਕਸ ਨੇ

(2) ਸ਼ੇਰ ਸ਼ਾਹ ਸੂਰੀ ਨੇ

(3) ਰਾਜਾ ਟੋਡਰ ਮੱਲ ਨੇ

(4) ਬਜਵਾੜੇ ਪਿੰਡ ਨੇ

**92.** ਕਿਸ ਦੀਆਂ ਕਹਾਣੀਆਂ ਲੋਕਾਂ ਦਾ ਮਨੋਰੰਜਨ ਕਰਦੀਆਂ ਹਨ ?

(1) ਅਕਬਰ

(2) ਸ਼ੇਰ ਸ਼ਾਹ ਸੂਰੀ

(3) ਸ਼ੇਖ਼ਚਿਲੀ

(4) ਬੀਰਬਲ

**93.** ਕਿਸ ਨੇ ਕਿਹਾ ਕਿ ਸ਼ੇਰ ਸ਼ਾਹ ਸੂਰੀ ਨੇ ਦੇਸ਼ ਨੂੰ ਰਾਸ਼ਟਰੀ ਰਾਹ ਉੱਤੇ ਪਾਉਣ ਦੀ ਕੋਸ਼ਿਸ਼ ਕੀਤੀ ?

(1) ਜੱਲ੍ਹਣ

(2) ਅਕਬਰ

(3) ਟੋਡਰ ਮੱਲ

(4) ਕਰੁਕਸ

**94.** ਪੰਜਾਬੀਆਂ ਦੀ ਸ਼ੂਰਬੀਰਤਾ ਦੇ ਗੁਣ ਕਿਸਨੇ ਗਾਏ ?

(1) ਜੱਲ੍ਹਣ

(2) ਬੀਰਬਲ

(3) ਮਹਾਰਾਜਾ ਰਣਜੀਤ ਸਿੰਘ

(4) ਸ਼ਾਹ ਮੁਹੰਮਦ

**95.** ਕਿਸ ਨੇ ਸਭ ਤੋਂ ਵੱਧ ਸਮਾਜਕ ਬੁਰਾਈਆਂ ਵਿਰੁੱਧ ਪ੍ਰਚਾਰ ਕੀਤਾ ?

(1) ਸ਼ਾਹ ਮੁਹੰਮਦ

(2) ਭਗਤੀ ਲਹਿਰ

(3) ਬੀਰਬਲ

(4) ਰਾਜਾ ਟੋਡਰ ਮੱਲ

**96.** ਨੀਤੀ–ਭਰਪੂਰ ਟੋਟਕਿਆਂ ਲਈ ਕੌਣ ਮਸ਼ਹੂਰ ਸੀ ?

(1) ਕਰੁਕਸ

(2) ਨਾਥ ਜੋਗੀ

(3) ਸੁਥਰਾ

(4) ਵਲਭਚਾਰੀਆ

**97.** ਨਾਥ ਜੋਗੀ ਪਰੰਪਰਾ ਦਾ ਮੁੱਖ ਮਕਸਦ ਕੀ ਸੀ ?

(1) ਧਰਮ–ਪ੍ਰਚਾਰ

(2) ਜੀ.ਟੀ. ਰੋਡ ਦੀ ਉਸਾਰੀ

(3) ਅੰਗਰੇਜ਼ਾਂ ਦਾ ਵਿਰੋਧ ਕਰਨਾ

(4) ਮਨੋਰੰਜਨ

**98.** 'ਸ਼ੂਰਬੀਰ' ਦਾ ਵਿਰੋਧੀ ਸ਼ਬਦ ਚੁਣੋ –

(1) ਸ਼ਕਤੀ ਸ਼ਾਲੀ

(2) ਦਲੇਰ

(3) ਬਹਾਦਰ

(4) ਬੁਜ਼ਦਿਲ

**99.** 'ਟਾਕਸ' ਦਾ ਸਮਾਨਾਰਥਕ ਸ਼ਬਦ ਕਿਹੜਾ ਹੈ ?

(1) ਸਾਥ

(2) ਵਿਰੋਧ

(3) ਮਿਲਵਰਤਣ

(4) ਸਹਿਯੋਗ

***ਨਿਰਦੇਸ਼ :*** *ਹੇਠ ਲਿਖੀ ਕਾਵਿ-ਟੁਕੜੀ ਨੂੰ ਪੜ੍ਹਕੇ ਉਸ ਹੇਠਾਂ ਦਿੱਤੇ ਪ੍ਰਸ਼ਨਾਂ (100 – 105) ਦੇ ਉੱਤਰ ਢੁੱਕਵੇਂ ਵਿਕਲਪਾਂ ਨਾਲ ਦਿਉ ।*

ਮੈਂ ਭੀ ਢੋਕ-ਰਾਂਝਣ ਦੀ ਜਾਣਾ ਨਾਲਿ ਮੇਰੇ ਕੋਈ ਚੱਲੇ ।

ਪੈਰੀਆਂ ਪਉਂਦੀ ਮਿੰਨਤਾਂ ਕਰਦੀ ਜਾਣਾ ਤਾਂ ਪਿਆ ਇਕੱਲੇ ।

ਨੈਂ ਭੀ ਡੂੰਘੀ ਤੁਲਾ ਪੁਰਾਣਾ ਸੀਹਾਂ ਤਾਂ ਪੱਤਣ ਮੱਲੇ ।

ਜੇ ਕੋਈ ਖਬਰ ਮਿਤ੍ਰਾਂ ਦੀ ਲਿਆਵੇ ਮੈਂ ਹੱਥਾਂ ਦੇ ਦੇਨੀਆਂ ਛੱਲੇ ।

ਰਾਤੀਂ ਦਰਦ ਦਿਹੈਂ ਦਰਮਾਂਦੀ ਘਾਉ ਮਿਤ੍ਰਾਂ ਦੇ ਅੱਲੇ ।

ਰਾਂਝਣ ਯਾਰ ਤਬੀਬ ਸੁਣੀਂਦਾ ਮੈਂ ਤਨ ਦਰਦ ਅਵੱਲੇ ।

ਕਹੇ ਹੁਸੈਨ ਫਕੀਰ ਨਿਮਾਣਾ ਸਾਈਂ ਸੁਨੇਹੜੇ ਘੱਲੇ ।

**100.** ਕਵਿਤਾ ਵਿੱਚ ਕਵੀ ਕਿੱਥੇ ਜਾਣਾ ਚਾਹੁੰਦਾ ਹੈ ?

(1) ਰੇਗਿਸਤਾਨ ਵਿੱਚ

(2) ਰਾਂਝੇ ਦੀ ਕੁੱਲੀ

(3) ਸ਼ਹਿਰ ਵਿੱਚ

(4) ਦਰਿਆ ਵਿੱਚ

**101.** ਦੋਸਤ ਦੀ ਜਾਣਕਾਰੀ ਦੇਣ ਵਾਲੇ ਨੂੰ ਕਵਿਤਾ ਵਿੱਚ ਕੀ ਦੇਣ ਦੀ ਗੱਲ ਕਹੀ ਗਈ ਹੈ ?

(1) ਸਾਈ ਦਾ ਦੁਆਰਾ

(2) ਕੁੱਲੀ

(3) ਛੱਲੇ

(4) ਤਖ਼ਤ ਹਜ਼ਾਰਾ

**102.** 'ਢੋਕ' ਸ਼ਬਦ ਦਾ ਕੀ ਭਾਵ ਹੈ ?

(1) ਬੰਗਲਾ

(2) ਫ਼ਾਰਮ ਹਾਊਸ

(3) ਹਕੀਮ

(4) ਝੁੱਗੀ

**103.** 'ਨੈਂ' ਕਿਸ ਨੂੰ ਕਹਿੰਦੇ ਹਨ ?

(1) ਪੀੜਿਤ

(2) ਨਦੀ

(3) ਨੌਂ ਦੀ ਗਿਣਤੀ

(4) ਪੁਲ

**104.** ਹੇਠ ਲਿਖਿਆਂ ਵਿੱਚੋਂ ਇਸ ਕਵਿਤਾ ਦਾ ਸਿਰਲੇਖ ਚੁਣੋ :

(1) ਢੋਕ ਰਾਂਝਣ ਦੀ

(2) ਮੈਂ ਆਪੇ ਰਾਂਝਾ ਹੋਈ

(3) ਦਰਦ ਵਿਛੋੜੇ ਦਾ ਹਾਲ

(4) ਕੀ ਜਾਣਾ ਮੈਂ ਕੌਣ

**105.** ਉਪਰੋਕਤ ਕਵਿਤਾ ਵਿੱਚ ਕਿਹੜੀ ਸੁਰ ਪ੍ਰਧਾਨ ਹੈ ?

(1) ਖ਼ੁਸ਼ੀ ਵਾਲੀ

(2) ਸੰਤੁਸ਼ਟੀ ਵਾਲੀ

(3) ਖੇੜੇ ਵਾਲੀ

(4) ਬਿਰਹਾ ਵਾਲੀ

***ਨਿਰਦੇਸ਼ :*** *ਢੁੱਕਵੇਂ ਵਿਕਲਪਾਂ ਨਾਲ ਹੇਠ ਲਿਖੇ ਪ੍ਰਸ਼ਨਾਂ (106 – 120) ਦੇ ਉੱਤਰ ਦਿਓ ।*

**106.** ਤੀਜੀ ਜਮਾਤ ਦਾ ਇੱਕ ਅਧਿਆਪਕ ਸਿਖਿਆਰਥੀਆਂ ਨੂੰ ਨਵੀਂ ਸ਼ਬਦਾਵਲੀ ਪੇਸ਼ ਕਰ ਰਿਹਾ ਹੈ । ਸ਼ਬਦਾਵਲੀ ਦੀ ਪੇਸ਼ਕਾਰੀ ਲਈ ਹੇਠ ਲਿਖਿਆਂ ਵਿੱਚੋਂ ਕਿਹੜਾ ਇੱਕ ਅਸਰਦਾਰ ਤਰੀਕਾ ਹੈ ?

(1) ਅਧਿਆਪਕ ਨੂੰ ਉਨ੍ਹਾਂ ਨੂੰ ਸ਼ਬਦ ਦੀ ਸੰਖੇਪ ਪਰਿਭਾਸ਼ਾ ਦੇਣੀ ਚਾਹੀਦੀ ਹੈ ।

(2) ਅਧਿਆਪਕ ਨੂੰ ਸ਼ਬਦ ਦੇ ਸੰਦਰਭ ਵਿੱਚ ਅਰਥ ਦੀ ਵਿਆਖਿਆ ਕਰਨੀ ਚਾਹੀਦੀ ਹੈ ।

(3) ਅਧਿਆਪਕ ਬਲੈਕਬੋਰਡ ਉੱਤੇ ਇਸ ਦਾ ਅਰਥ ਲਿਖੇ ਅਤੇ ਸਿਖਿਆਰਥੀਆਂ ਨੂੰ ਇਸ ਨੂੰ ਜ਼ੁਬਾਨੀ ਯਾਦ ਕਰਨ ਲਈ ਕਹੇ ।

(4) ਅਧਿਆਪਕ ਉਨ੍ਹਾਂ ਨੂੰ ਸ਼ਬਦਾਂ ਦੇ ਵਿਰੋਧੀ ਸ਼ਬਦ ਦੱਸ ਕੇ, ਉਨ੍ਹਾਂ ਦੀ ਭਾਸ਼ਾ ਵਿੱਚ ਉਨ੍ਹਾਂ ਦੇ ਅਰਥ ਦੇਵੇ ।

**107.** ਭਾਸ਼ਾ ਦੀ ਸਿਖਲਾਈ ਹੈ ________ ।

(1) ਪ੍ਰਕਿਰਿਆ

(2) ਪ੍ਰੋਡਕਟ

(3) ਕੌਸ਼ਲ

(4) ਉਪਲਭਧੀ

**108.** ਉਸ ਕਲਾ ਦੀ ਚੋਣ ਕਰੋ ਜੋ ਉਦਾਹਰਨ ਨਾਲ ਮੇਲ ਖਾਂਦੀ ਹੈ ।

*'ਮੈਂ ਭਾਸ਼ਾ ਉੱਤੇ ਧਿਆਨ ਕੇਂਦ੍ਰਿਤ ਕਰਦਾ ਹਾਂ, ਮੈਂ ਇਹ ਯਕੀਨੀ ਬਣਾਉਂਦਾ ਹਾਂ ਕਿ ਇਹ ਸਹੀ ਹੈ ।'*

(1) ਸੁਧਾਰ ਕਰਨਾ

(2) ਸੈਲਫ਼ ਮੋਨੀਟਰਿੰਗ

(3) ਟਰਾਂਸਲੈਂਗੁਏਜਿੰਗ

(4) ਯਾਦ ਕਰਨਾ

**109.** ਦੂਜੀ ਜਮਾਤ ਦੇ ਵਿਦਿਆਰਥੀਆਂ ਨੇ ਇਕ ਗਾਣਾ ਗਾਇਆ 'ਸਿਰ ਅਤੇ ਬਾਹਵਾਂ, ਗੋਡੇ ਅਤੇ ਪੰਜੇ' । ਗਾਣਾ ਗਾਉਂਦੇ ਹੋਏ ਉਨ੍ਹਾਂ ਨੇ ਆਪਣੇ ਸਰੀਕ ਦੇ ਅੰਗਾਂ ਨੂੰ ਛੂਹਿਆ । ਅਧਿਆਪਕ ਉਨ੍ਹਾਂ ਨੂੰ ਕਿਹੜੀ ਵਿਧੀ ਨਾਲ ਪੜ੍ਹਾ ਰਿਹਾ ਹੈ ?

(1) ਭਾਸ਼ਾ ਅਧਿਆਪਨ ਸੰਚਾਰ

(2) ਮੁਕੰਮਲ ਸ਼ਰੀਰਕ ਪ੍ਰਤੀਕਿਰਿਆ

(3) ਇਕਲੈਕਟਿਕ

(4) ਆਡੀਓ-ਲਿੰਗੁਅਲ

**110.** ਪੜ੍ਹਨ ਦੇ ਤਰੀਕਿਆਂ ਦਾ ਮੇਲ ਪਾਠਕ ਕੀ ਕਰਦੇ ਹਨ ਨਾਲ ਕਰੋ :

| | *ਪੜ੍ਹਨ ਦੇ ਤਰੀਕੇ* | | *ਪਾਠਕ ਕੀ ਕਰਦੇ ਹਨ* |
|---|---|---|---|
| A. | ਭਵਿੱਖਬਾਣੀ | i. | ਉਹ ਨਿਸ਼ਚਿਤ ਕਰਦੇ ਹਨ ਕਿ ਲੇਖਕ ਆਪਣੀ ਲਿਖਤ ਦੇ ਆਧਾਰ ਉਤੇ ਕੀ ਮਹਿਸੂਸ ਕਰਦੇ ਹਨ । |
| B. | ਅਨੁਮਾਨਿਤ ਵਿਵਹਾਰ | ii. | ਅਨਜਾਣ ਸ਼ਬਦਾਂ ਨੂੰ ਸਮਝਣ ਵਿੱਚ ਮਦਦ ਲਈ ਉਹ ਟੈਕਸਟ ਦੇ ਹਿੱਸਿਆਂ ਦੀ ਵਰਤੋਂ ਕਰਦੇ ਹਨ । |
| C. | ਸੰਦਰਭ ਤੋਂ ਅਰਥ ਨੂੰ ਘੱਟ ਕਰਨਾ | iii. | ਉਹ ਸਿਰਲੇਖਾਂ ਜਾਂ ਸ਼ੁਰੂਆਤੀ ਵਾਕਾਂਸ਼ ਨੂੰ ਵੇਖ ਕੇ ਪਤਾ ਲਗਾਉਂਦੇ ਹਨ ਕਿ ਸੂਚਨਾ ਬੁਣਤਰ ਕਿਵੇਂ ਬੁਣੀ ਗਈ ਹੈ । |
| D. | ਗਹਿਣ ਪੜ੍ਹਤ | iv. | ਉਨ੍ਹਾਂ ਦਾ ਧਿਆਨ ਇੱਕ ਟੈਕਸਟ ਵਿੱਚ ਭਾਸ਼ਾ ਦੀ ਵਰਤੋਂ ਉੱਤੇ ਕੇਂਦ੍ਰਿਤ ਹੁੰਦਾ ਹੈ । |
| E. | ਟੈਕਸਟ ਦੇ ਸੰਗਠਨ ਦੀ ਪਛਾਣ ਕਰਨੀ | v. | ਉਹ ਸਿਰਲੇਖਾਂ ਤੇ ਤਸਵੀਰਾਂ ਦੀ ਵਰਤੋਂ ਨਾਲ ਪਤਾ ਲਾਉਂਦੇ ਹਨ ਕਿ ਟੈਕਸਟ ਕਿਸ ਬਾਰੇ ਹੈ । |

(1) A–i, B–iv, C–v, D–ii, E–iii

(2) A–ii, B–i, C–iii, D–iv, E–v

(3) A–iv, B–iii, C–ii, D–i, E–v

(4) A–v, B–i, C–ii, D–iv, E–iii

**111.** ਵਿਦਿਆਰਥੀ ਪਿੱਛਲੇ ਯੂਨਿਟ ਵਿੱਚੋਂ ਸ਼ਬਦਾਵਲੀ ਬਾਰੇ ਪੰਜ ਪ੍ਰਸ਼ਨਾਂ ਦਾ ਜੁਆਬ ਦੇਣ ਲਈ ਸਮੂਹਾਂ ਵਿੱਚ ਕੰਮ ਕਰਦੇ ਹਨ । ਫਿਰ ਉਹ ਦੂਜੇ ਸਮੂਹ ਨਾਲ ਸੁਆਲਾ ਦਾ ਆਦਾਨ-ਪ੍ਰਦਾਨ ਕਰਕੇ ਪ੍ਰਸ਼ਨਾਂ ਦਾ ਜੁਆਬ ਦੇਣ ਦੀ ਕੋਸ਼ਿਸ਼ ਕਰਦੇ ਹਨ । ਇਹ _________ ਦਾ ਉਦਾਹਰਨ ਹੈ ।

(1) ਫ਼ੀਡਬੈਕ

(2) ਰੀਡਿੰਗ ਅਸੈਸਮੈਂਟ

(3) ਪੀਅਰ ਅਸੈਸਮੈਂਟ

(4) ਸੈਲਫ਼ ਅਸੈਸਮੈਂਟ

**112.** ਜਦੋਂ ਅਧਿਆਪਕ ਸ਼ਬਦ ਅਤੇ ਵਾਕਾਂਸ ਨਾਲ ਇਕ ਕਾਰਡ ਮੈਨੂੰ ਦਿੰਦਾ ਹੈ ਅਤੇ ਸ਼ਬਦ ਦਾ ਪਤਾ ਲਗਾਉਣ ਲਈ ਮੈਨੂੰ ਇਸ ਕਾਰਜ ਨੂੰ ਬਾਕੀ ਜਮਾਤ ਨਾਲ ਕਰਨਾ ਪੈਂਦਾ ਹੈ, ਤਾਂ ਮੈਨੂੰ ਚੰਗਾ ਲੱਗਦਾ ਹੈ ।

ਹੇਠ ਲਿਖਿਆਂ ਵਿੱਚੋਂ ਸਿਖਿਆਰਥੀਆਂ ਦੀਆਂ ਪਹਿਲਕਦਮੀਆਂ ਨਾਲ ਟਿੱਪਣੀਆਂ ਦੀ ਚੋਣ ਕਰੋ ।

(1) ਜਿਉਂ ਹੀ ਮੈਂ ਇਸ ਨੂੰ ਸੁਣਿਆਂ ਮੈਨੂੰ ਭਾਸ਼ਾ ਦੀ ਚੰਗੀ ਯਾਦ ਆਈ ।

(2) ਜਦੋਂ ਮੈਂ ਕਾਰਡ ਤੋਂ ਵਾਕਾਂਸ ਯਾਦ ਕੀਤਾ ਤਾਂ ਮੈਨੂੰ ਭਾਸ਼ਾ ਦੀ ਚੰਗੀ ਯਾਦ ਆਈ ।

(3) ਜਦੋਂ ਮੈਂ ਮਾਨਸਿਕ ਰੂਪ ਵਿੱਚ ਸ਼ਾਮਲ ਹੋ ਗਿਆ ਤਾਂ ਮੈਨੂੰ ਭਾਸ਼ਾ ਦੀ ਚੰਗੀ ਯਾਦ ਆਈ ।

(4) ਜਿਉਂ ਹੀ ਮੈਂ ਇਸ ਨੂੰ ਵੇਖਿਆ ਮੈਨੂੰ ਭਾਸ਼ਾ ਦੀ ਚੰਗੀ ਯਾਦ ਆਈ ।

**113.** ਕਥਨ (A) : ਸਕੂਲ ਵਿੱਚ ਦਾਖ਼ਲ ਹੋਣ ਵਾਲੇ ਸਾਰੇ ਵਿਦਿਆਰਥੀ ਆਪਣੀ ਉਮਰ ਮੁਤਾਬਕ ਭਾਸ਼ਾ ਦੀ ਵਰਤੋਂ ਕਰਨ ਦੇ ਯੋਗ ਹਨ ।

ਕਾਰਨ (R) : ਭਾਸ਼ਾ ਤੇ ਸੱਭਿਆਚਾਰਕ ਵਿਭਿੰਨਤਾ ਕਰਕੇ ਉਹ ਆਪਣੀਆਂ ਯੋਗਤਾਵਾਂ ਦਿਖਾਉਣ ਦੇ ਅਸਮਰੱਥ ਹਨ ।

ਹੇਠ ਲਿਖੇ ਵਿਕਲਪਾਂ ਵਿੱਚੋਂ ਢੁਕਵਾਂ ਉੱਤਰ ਦਿਉ :

(1) ਦੋਵੇਂ (A) ਤੇ (R) ਸਹੀ ਹਨ, ਪਰ (R), (A) ਦੀ ਸਹੀ ਵਿਆਖਿਆ ***ਨਹੀਂ*** ਹੈ ।

(2) (A) ਸਹੀ ਹੈ, ਪਰ (R) ਗ਼ਲਤ ਹੈ ।

(3) (A) ਗ਼ਲਤ ਹੈ, ਪਰ (R) ਸਹੀ ਹੈ ।

(4) ਦੋਵੇਂ (A) ਤੇ (R) ਸਹੀ ਹਨ, ਅਤੇ (R), (A) ਦੀ ਸਹੀ ਵਿਆਖਿਆ ਹੈ ।

**114.** ਪੰਜਵੀਂ ਜਮਾਤ ਦਾ ਮਨਜੀਤ ਆਪਣੇ ਅਧਿਆਪਕ, ਦੋਸਤਾਂ ਅਤੇ ਦੋ ਸਾਲਾਂ ਦੇ ਇੱਕ ਬੱਚੇ ਨਾਲ ਵੀ ਵੱਖੋ ਵੱਖਰੇ ਢੰਗ ਨਾਲ ਬੋਲਦਾ ਹੈ । ਇਸ ਦਾ ਮਤਲਬ ਹੈ ਕਿ ਮਨਜੀਤ ਸਮਾਜਕ ਹਾਲਤਾਂ ਵਿੱਚ ਭਾਸ਼ਾ ਦੀ ਵਰਤੋਂ ਕਰਨੀ ਜਾਣਦਾ ਹੈ । ਭਾਸ਼ਾ ਦੇ ਇਸ ਲੱਛਣ ਨੂੰ ਕੀ ਕਿਹਾ ਜਾਂਦਾ ਹੈ ?

(1) ਸਿਮੈਂਟਿਕਸ

(2) ਪਰੈਗਮੈਟਿਕਸ

(3) ਭਾਸ਼ਨ ਦੀ ਕਿਰਿਆ

(4) ਨੈਚਰਲਇਸਟਸ

**115.** ਇਕ ਮਾਂ ਨੇ ਨੋਟ ਕੀਤਾ ਕਿ ਉਸ ਦਾ ਬੱਚਾ ਕਦੇ-ਕਦੇ ਅਜਿਹੀਆਂ ਗੱਲਾਂ ਕਰਦਾ ਹੈ ਜੋ ਉਸ ਨੇ ਕਦੇ ਵੀ ਕਿਸੇ ਬਾਲਿਗ ਜਾਂ ਉਸ ਦੇ ਹਾਣੀ ਤੋਂ ਨਹੀਂ ਸੁਣੀਆਂ । ਉਹ ਉਲਝਣ ਵਿੱਚ ਹੈ । ਕਿਉਂਕਿ ਉਸ ਦਾ ਮੰਨਣਾ ਹੈ ਕਿ ਬੱਚਾ ਆਪਣੇ ਪਰਿਵਾਰ ਦੇ ਲੋਕਾਂ ਅਤੇ ਆਪਣੇ ਆਲੇ-ਦੁਆਲੇ ਦੀ ਨਕਲ ਕਰਕੇ ਭਾਸ਼ਾ ਸਿੱਖਦਾ ਹੈ । ਉਸ ਦਾ ਇਹ ਵਿਸ਼ਵਾਸ ਕਿਸ ਦੀ ਪ੍ਰਤੀਧਵਨੀ ਹੈ ?

(1) ਵਿਵਹਾਰਵਾਦ

(2) ਰਚਨਾਤਮਕਤਾਵਾਦ

(3) ਬਹੁਭਾਸ਼ਾਵਾਦ

(4) ਸਹਿਜ ਗਿਆਨਵਾਦ

**116.** ਬੱਚੇ ਵੱਲੋ ਰਸਮੀ ਤੌਰ 'ਤੇ ਪੜ੍ਹਨ ਦੇ ਨਿਰਦੇਸ਼ਾਂ ਦੀ ਸ਼ੁਰੂਆਤ ਤੋਂ ਪਹਿਲਾਂ ਵਿਕਸਤ ਕੌਸ਼ਲਾਂ ਦਾ ਇੱਕ ਸੈੱਟ, ਜੋ ਮਗਰੋਂ ਅਕਾਦਮਿਕ ਕੌਸ਼ਲਾਂ ਲਈ ਬੁਨਿਆਦ ਮੁੱਹਈਆਂ ਕਰਦਾ ਹੈ, ਉਹ ਹੈ –

(1) ਉਦਗਾਮੀ ਪਾਠਕ੍ਰਮ

(2) ਉਦਗਾਮੀ ਸਾਜ–ਸਮਾਨ

(3) ਉਦਗਾਮੀ ਸਾਖ਼ਰਤਾ

(4) ਉਦਗਾਮੀ ਹੱਲ

**117.** ਇੱਕ ਦਾਦੀ ਘਰ ਵਿੱਚ ਜੁਆਨ ਬੱਚਿਆਂ ਨੂੰ ਕਿਤਾਬ ਵਿੱਚੋਂ ਕਹਾਣੀਆਂ ਪੜ੍ਹਕੇ ਸੁਣਾਉਂਦੀ ਹੈ । ਇਸ ਤਰੀਕੇ ਨਾਲ ਉਹ ਉਨ੍ਹਾਂ ਦੀ ਪਹੁੰਚ ਕਿਤਾਬਾਂ ਅਤੇ ਨਵੇਂ ਵਿਚਾਰਾਂ ਤੱਕ ਬਣਾਉਂਦੀ ਹੈ । ਬੱਚੇ ਸਰਗਰਮੀ ਨਾਲ ਇਸ ਅਮਲ ਵਿੱਚ ਰੁੱਝ ਜਾਂਦੇ ਹਨ । ਇਸ ਤਕਨੀਕ ਨੂੰ ਕਿਹਾ ਜਾਂਦਾ ਹੈ –

(1) ਸ਼ੇਅਰਡ ਰੀਡਿੰਗ

(2) ਡਾਇਲੌਜਿਕ ਰੀਡਿੰਗ

(3) ਬੋਲ ਕੇ ਪੜ੍ਹਨ ਵਾਲੀ ਪੜ੍ਹਤ

(4) ਮਾੱਡਲ ਰੀਡਿੰਗ

**118.** ਪੜ੍ਹਨਾ ਸਿਖਾਉਣ ਦੀ ਇਕ ਪਹੁੰਚ, ਜੋ ਅੱਖਰਾ ਅਤੇ ਧੁਨੀਆਂ ਵਰਗੇ ਮੁੱਢਲੇ ਤੱਤਾਂ ਨਾਲ ਸ਼ੁਰੂ ਹੁੰਦੀ ਹੈ, ਬੱਚਿਆਂ ਨੂੰ ਸਿਖਾਉਂਦੀ ਹੈ ਕਿ ਸਮੁੱਚੇ ਰੂਪ ਵਿੱਚ ਪੜ੍ਹਤ ਵੱਲ ਜਾਣ ਲਈ ਧੁਨੀਆਂ ਸ਼ਬਦਾਂ ਵਿੱਚ ਸ਼ਾਮਿਲ ਹੋ ਜਾਂਦੀਆਂ ਹਨ । ਇਹ ਹੈ –

(1) ਬਾੱਟਮ ਅੱਪ ਅਪਰੋਚ

(2) ਸਮੁੱਚੀ ਭਾਸ਼ਾ ਦੀ ਪਹੁੰਚ

(3) ਸੰਰਚਨਾਤਮਕ ਪਹੁੰਚ

(4) ਟੌਪ ਡਾਊਨ ਅਪਰੋਚ

**119.** ਕਥਨ (A) : ਧੁਨੀਆਂ ਉਚਾਰਨ ਦੀ ਵਰਤੋਂ ਨਾਲ ਸਹੀ ਬੋਲਣਾ ਸਿੱਖਣ ਦੀ ਯੋਗਤਾ ਘਟਦੀ ਹੈ ।

ਕਾਰਨ (R) : ਜਦੋਂ ਬੱਚੇ ਪਰੰਪਰਕ ਅੱਖਰਾਂ ਦੀ ਥਾਂ ਆਪਣੇ ਵੱਲੋ 'ਘੜੇ' ਅੱਖਰਾਂ ਦੀ ਵਰਤੋਂ ਕਰਦੇ ਹਨ, ਇਸ ਨਾਲ ਉਨ੍ਹਾਂ ਦੀ ਸਹੀ ਬੋਲਣਾ ਸਿੱਖਣ ਦੀ ਯੋਗਤਾ ਵਿੱਚ ਕਮੀ ਨਹੀਂ ਆਉਂਦੀ ।

ਹੇਠ ਲਿਖੇ ਕੋਡਾਂ ਵਿੱਚ ਸਹੀ ਉੱਤਰ ਚੁਣੋ :

(1) ਦੋਵੇਂ (A) ਤੇ (R) ਸਹੀ ਹਨ, ਪਰ (R), (A) ਦੀ ਸਹੀ ਵਿਆਖਿਆ ***ਨਹੀਂ*** ਹੈ ।

(2) (A) ਸਹੀ ਹੈ, ਪਰ (R) ਗ਼ਲਤ ਹੈ ।

(3) (A) ਗ਼ਲਤ ਹੈ, ਪਰ (R) ਸਹੀ ਹੈ ।

(4) ਦੋਵੇਂ (A) ਤੇ (R) ਸਹੀ ਹਨ, ਅਤੇ (R), (A) ਦੀ ਸਹੀ ਵਿਆਖਿਆ ਹੈ ।

**120.** ਨਵੀਂ ਭਾਸ਼ਾ ਸਿੱਖਣ ਲਈ, ਜਦੋਂ ਭਾਸ਼ਾ ਦੇ ਅਨੋਖੇ ਉਚਾਰਨ ਨੇਮਾਂ ਨਾਲ ਬੋਲਦੇ ਹਨ ਤਾਂ ਬਹੁਤ ਸਾਰੇ ਵਿਦਿਆਰਥੀ ਆਤਮ ਵਿਸ਼ਵਾਸ ਗੁਆ ਲੈਂਦੇ ਹਨ । ਇਸ ਸਮੱਸਿਆ ਉੱਤੇ ਕਾਬੂ ਪਾਉਣ ਦਾ ਇੱਕ ਰਸਤਾ ਹੈ –

(1) ਇਕ ਅਜਿਹੀ ਖੇਡ ਦੇ ਅਭਿਆਸ ਦੀ ਵਰਤੋਂ ਜਿਸ ਵਿੱਚ ਜਮਾਤ ਵਿੱਚ ਗੱਲਬਾਤ ਕਰਨੀ ਜ਼ਰੂਰੀ ਹੋਵੇ

(2) ਇਕ ਕੌਂਸਲਰ ਨਾਲ ਵਿਸ਼ੇਸ਼ ਬੋਲ ਥੈਰੇਪੀ ਅਪਣਾਅ ਕੇ ਡਰਿੱਲਾਂ ਰਾਹੀਂ ਅਭਿਆਸ

(3) ਗਲਤੀਆਂ ਹੋਣ ਉੱਤੇ ਤੁਰੰਤ ਸੋਧ ਦੇਣੀਆਂ

(4) ਬੱਚੇ ਜਮਾਤ ਵਿੱਚ ਬੋਲ ਕੇ ਪੜ੍ਹਨ

ਪ੍ਰੀਖਿਆਰਥੀ ਹੇਠ ਲਿਖੇ ਭਾਗ ਦੇ ਪ੍ਰਸ਼ਨਾਂ ਦੇ ਉੱਤਰ ਕੇਵਲ ਤਾਂ ਹੀ ਦੇਵੇ ਜੇਕਰ ਉਸਨੇ **ਭਾਗ – II** ਦਾ ਵਿਕਲਪ **ਪੰਜਾਬੀ** ਚੁਣਿਆ ਹੈ ।

# ਭਾਗ V

## ਭਾਸ਼ਾ II

## ਪੰਜਾਬੀ

***ਨਿਰਦੇਸ਼ :*** *ਹੇਠ ਲਿਖੇ ਪੈਰੇ ਨੂੰ ਪੜ੍ਹ ਕੇ ਉਸ ਹੇਠਾਂ ਦਿੱਤੇ ਪ੍ਰਸ਼ਨਾਂ (121 – 128) ਦੇ ਉੱਤਰ ਢੁੱਕਵੇਂ ਵਿਕਲਪਾਂ ਨਾਲ ਦਿਉ ।*

ਭਗਤੀ ਲਹਿਰ ਦੀ ਵਿਦਰੋਹੀ ਸੁਰ ਦਾ ਜੋਸ਼, ਗੁਰੂ ਨਾਨਕ ਦੇਵ ਜੀ ਦੀ ਜਾਗਰੂਕ ਚੇਤਨਾ, ਗੁਰੂ ਅਰਜਨ ਦੇਵ ਜੀ ਦੀ ਸ਼ਹੀਦੀ, ਗੁਰੂ ਤੇਗ ਬਹਾਦਰ ਜੀ ਦਾ ਬਲੀਦਾਨ, ਗੁਰੂ ਗੋਬਿੰਦ ਸਿੰਘ ਜੀ ਦੁਆਰਾ ਪ੍ਰਦਾਨ ਕੀਤੀ ਅਨੋਖੀ ਸ਼ਕਤੀ ਅਤੇ ਕੁਰਬਾਨੀ ਦੀ ਭਾਵਨਾ, ਜਿਸ ਕੌਮ ਦਾ ਵਿਰਸਾ ਹੋਵੇ, ਉਸੇ ਕੌਮ ਵਿਚ ਭਾਈ ਮਨੀ ਸਿੰਘ, ਬਾਬਾ ਦੀਪ ਸਿੰਘ ਸ਼ਹੀਦ, ਤੇ ਬੰਦਾ ਸਿੰਘ ਬਹਾਦਰ ਵਰਗੀ ਕੌਮੀ ਸਿਤਾਰੇ ਪੈਦਾ ਹੋ ਸਕਦੇ ਹਨ । ਸ੍ਰ. ਕਰਤਾਰ ਸਿੰਘ ਸਰਾਭਾ, ਸ੍ਰ. ਭਗਤ ਸਿੰਘ ਅਤੇ ਸ੍ਰ. ਊਧਮ ਸਿੰਘ ਸੁਨਾਮ ਤੇ ਲਾਲਾ ਲਾਜਪਤ ਰਾਏ ਵਰਗੇ ਸਰਫਰੋਸ਼ ਅਜਿਹੇ ਹੀ ਵਿਰਸੇ ਦੀ ਪੈਦਾਵਾਰ ਹੋ ਸਕਦੇ ਹਨ ।

1857 ਈਸਵੀ ਦੇ ਅੰਦੋਲਨ ਤੋਂ ਬਾਅਦ ਭਾਰਤੀ ਇਤਿਹਾਸ ਦੀ ਸਭ ਤੋਂ ਪ੍ਰਸਿੱਧ ਘਟਨਾ ਆਜ਼ਾਦੀ ਦੀ ਲਹਿਰ ਹੈ । ਇਸ ਲਹਿਰ ਵਿਚ ਵੀ ਪੰਜਾਬੀ ਯੋਧੇ ਸੂਰਜ ਵਾਂਗ ਚਮਕੇ ਤੇ ਗੋਰੀ ਚਮੜੀ ਦੇ ਲੋਕਾਂ ਦਾ ਰੰਗ ਉਡਾ ਦਿੱਤਾ । ਬਹੁਤੇ ਸੱਜਣ ਤਾਂ ਦਾਅਵਾ ਕਰਦੇ ਹਨ ਕਿ ਲੋਕ ਜਾਗ੍ਰਤੀ ਤੇ ਕੌਮੀ ਆਜ਼ਾਦੀ ਦੀ ਲਹਿਰ ਦਾ ਉਦੈ ਪੰਜਾਬ ਵਿਚ ਹੀ ਹੋਇਆ, ਜਿਸ ਦੇ ਮੋਢੀ ਇਕ ਅਦੁੱਤੀ ਸੰਤ ਸਿਪਾਹੀ ਬਾਬਾ ਰਾਮ ਸਿੰਘ ਜੀ ਨਾਮਧਾਰੀ ਸਨ । ਨਾਮਧਾਰੀਆਂ (ਕੂਕਿਆਂ) ਨੇ ਅੰਗਰੇਜ਼ੀ ਰਾਜ ਵਿਰੁੱਧ ਖੁੱਲ੍ਹੇ ਤੌਰ 'ਤੇ ਆਵਾਜ਼ ਉਠਾਈ, ਸੁਦੇਸ਼ੀ ਤੇ ਨਾਂ ਮਿਲਵਰਤਣ ਦਾ ਅਮਲੀ ਪ੍ਰਚਾਰ ਕੀਤਾ ਅਤੇ ਅੰਗਰੇਜ਼ੀ ਕਚਹਿਰੀਆਂ, ਸੰਸਥਾਵਾਂ, ਰਹਿਣੀ ਬਹਿਣੀ, ਖੁਰਾਕ, ਪੁਸ਼ਾਕ, ਤਾਰ, ਡਾਕ ਅਤੇ ਆਵਾਜਾਈ ਦੇ ਸਾਧਨਾਂ ਦਾ ਪੂਰਾ ਬਾਈਕਾਟ ਕੀਤਾ । ਕੂਕਿਆਂ ਦੀ ਇਸ ਲਹਿਰ ਨੇ ਲੋਕ ਚੇਤਨਾ ਵਿਚ ਥਾਂ ਬਣਾਂ ਲਈ ਸੀ ।

ਜਦੋਂ ਦੱਖਣ ਵਿਚ ਬਾਲ ਗੰਗਾਧਰ ਤਿਲਕ, ਬੰਗਾਲ ਵਿਚ ਬਿਪਨ ਚੰਦਰਪਾਲ ਨੇ ਅੰਗਰੇਜ਼ੀ ਰਾਜ ਦੇ ਵਿਰੁੱਧ ਸੰਘਰਸ਼ ਚਲਾ ਰੱਖਿਆਂ ਸੀ ਤਾਂ ਪੰਜਾਬ ਦੇ ਲਾਲਾ ਲਾਜਪਤ ਰਾਏ ਵੀ ਪੰਜਾਬੀ ਰਵਾਇਤਾਂ ਦੀ ਪੂਰਤੀ ਕਰ ਰਹੇ ਸਨ । ਇਸੇ ਕਰਕੇ ਸੁਤੰਤਰਤਾ ਸੰਗਰਾਮ ਦੀ ਉਸ ਵੇਲੇ ਦੀ ਲਹਿਰ ਸਮੇਂ ਬਾਲ ਪਾਲ ਤੇ ਲਾਲ ਦਾ ਨਾਂ ਬੱਚੇ ਬੱਚੇ ਦੀ ਜ਼ਬਾਨ 'ਤੇ ਸੀ । ਲਾਲਾ ਲਾਜਪਤ ਰਾਏ ਤੇ ਸਰਦਾਰ ਅਜੀਤ ਸਿੰਘ ਨੇ ਪਿੰਡ ਪਿੰਡ ਫਿਰ ਕੇ ਬਾਂਕੇ ਦਿਆਲ ਦੀ ਜੋਸ਼ੀਲੀ ਕਵਿਤਾ ਰਾਹੀਂ ਲੋਕਾਂ ਨੂੰ ਵੰਗਾਰਿਆ ਸੀ ।

**121.** ਗੋਰੀ ਚਮੜੀ ਦਾ ਰੰਗ ਕਿਸ ਨੇ ਉਡਾ ਦਿੱਤਾ ਸੀ ?

(1) ਗੁਰੂ ਤੇਗ ਬਹਾਦਰ ਜੀ ਨੇ

(2) ਗੁਰੂ ਨਾਨਕ ਦੇਵ ਜੀ ਨੇ

(3) ਪੰਜਾਬੀ ਯੋਧਿਆਂ ਨੇ

(4) ਗੁਰੂ ਅਰਜਨ ਦੇਵ ਜੀ ਨੇ

**122.** ਪੈਰੇ ਅਨੁਸਾਰ ਪੰਜਾਬ ਵਿੱਚ ਅਜ਼ਾਦੀ ਦੀ ਲਹਿਰ ਨੂੰ ਕਿਸ ਨੇ ਸ਼ੁਰੂ ਕੀਤਾ ?

(1) ਬਾਬਾ ਰਾਮ ਸਿੰਘ

(2) ਬਿਪਨ ਚੰਦਰਪਾਲ

(3) ਬੰਦਾ ਸਿੰਘ ਬਹਾਦਰ

(4) ਗੰਗਾਧਰ ਤਿਲਕ

**123.** ਲੋਕ ਚੇਤਨਾ ਵਿੱਚ ਕੌਣ ਮੋਹਰੀ ਰਿਹਾ ?

(1) ਭਾਈ ਮਨੀ ਸਿੰਘ

(2) ਕੂਕਾ ਲਹਿਰ

(3) ਭਗਤੀ ਲਹਿਰ

(4) ਬਾਬਾ ਦੀਪ ਸਿੰਘ

**124.** ਪੰਜਾਬੀ ਰਵਾਇਤਾਂ ਦੀ ਰਖਵਾਲੀ ਲਈ ਕੌਣ ਅੱਗੇ ਆਇਆ ?

(1) ਬਿਪਨ ਚੰਦਰਪਾਲ

(2) ਬਾਲ ਗੰਗਾਧਰ ਤਿਲਕ

(3) ਲਾਲਾ ਹਰਦਿਆਲ

(4) ਲਾਲਾ ਲਾਜਪਤ ਰਾਏ

**125.** ਬੰਗਾਲ ਵਿੱਚ ਅੰਗਰੇਜ਼ਾਂ ਵਿਰੁੱਧ ਅਜ਼ਾਦੀ ਦੀ ਲੜਾਈ ਕੌਣ ਲੜ ਰਿਹਾ ਸੀ ?

(1) ਬਾਲ ਗੰਗਾਧਰ ਤਿਲਕ

(2) ਲਾਲਾ ਲਾਜਪਤ ਰਾਏ

(3) ਬਿਪਨ ਚੰਦਰਪਾਲ

(4) ਸ਼ਹੀਦ ਭਗਤ ਸਿੰਘ

**126.** ਲਾਲਾ ਲਾਜਪਤ ਰਾਏ ਤੇ ਅਜੀਤ ਸਿੰਘ ਨੇ ਕਿਸ ਦੀ ਕਵਿਤਾ ਰਾਹੀਂ ਲੋਕਾਂ ਵਿੱਚ ਜੋਸ਼ ਭਰਨ ਦੀ ਕੋਸ਼ਿਸ਼ ਕੀਤੀ ?

(1) ਬਿਪਨ ਚੰਦਰਪਾਲ

(2) ਦਿਆਲ

(3) ਬਾਲ ਗੰਗਾਧਰ ਤਿਲਕ

(4) ਭਗਤ ਸਿੰਘ

**127.** ਪੈਰੇ ਅਨੁਸਾਰ ਕੂਕੇ ਕਿਨ੍ਹਾਂ ਨੂੰ ਕਿਹਾ ਜਾਂਦਾ ਹੈ ?

(1) ਨਾਮਧਾਰੀਆਂ ਨੂੰ

(2) ਭਗਤਾਂ ਨੂੰ

(3) ਦੱਖਣੀ ਲੋਕਾਂ ਨੂੰ

(4) ਬੰਗਾਲੀਆਂ ਨੂੰ

**128.** 'ਜੋਸ਼ੀਲੀ' ਦਾ ਵਿਰੋਧੀ ਸ਼ਬਦ ਚੁਣੋ :

(1) ਸਰਗਰਮ

(2) ਉਦਮੀ

(3) ਤੇਜ਼

(4) ਨੀਰਸ

***ਨਿਰਦੇਸ਼ :*** *ਹੇਠ ਲਿਖੇ ਪੈਰੇ ਨੂੰ ਪੜ੍ਹ ਕੇ ਉਸ ਹੇਠਾਂ ਦਿੱਤੇ ਪ੍ਰਸ਼ਨਾਂ (129 – 135) ਦੇ ਉੱਤਰ ਢੁੱਕਵੇਂ ਵਿਕਲਪਾਂ ਨਾਲ ਦਿਉ ।*

ਵੀਹਵੀਂ ਸਦੀ ਵਿੱਚ ਜਾਂ ਪਾਲ ਸਾਰਤਰ 'ਤੇ ਕਾਮੂ ਦਾ ਪ੍ਰਭਾਵ ਵਧੇਰੇ ਰਿਹਾ ਹੈ । ਸਾਰਤਰ ਦਾ ਅਸਤਿਤ੍ਵਵਾਦ ਬੜਾ ਹਰਮਨ ਪਿਆਰਾ ਰਿਹਾ ਹੈ । ਸਾਰਤਰ ਦਾ ਅਸਤਿਤ੍ਵਵਾਦ ਨਿਰਾਸ਼ਾਵਾਦੀ ਨਹੀਂ ਕਿਹਾ ਜਾ ਸਕਦਾ । ਪਰੰਤੂ, ਕਾਮੂ ਦਾ ਅਸਤਿਤ੍ਵਵਾਦ ਨਿਰਾਸ਼ਾ ਦੀ ਝਲਕ ਦੇਣ ਵਾਲਾ ਮੰਨਿਆ ਜਾਂਦਾ ਹੈ । ਉਸ ਦੇ ਦੋ ਨਾਵਲ ਦੀ ਆਊਟ ਸਾਈਡਰ ਅਤੇ ਦੀ ਪਲੇਗੋ ਬਹੁਤ ਹਰਮਨ ਪਿਆਰੇ ਰਹੇ ਹਨ । ਆਊਟ ਸਾਈਡਰ ਦੇ ਅਸਤਿਤ੍ਵਵਾਦ ਨੇ ਅਨਹੋਏਪਣ ਦਾ ਸੰਕਲਪ ਪੰਜਾਬੀ ਸਾਹਿਤ ਨੂੰ ਦਿੱਤਾ ਹੈ । ਪੰਜਾਬੀ ਗਲਪ ਅਤੇ ਕਵਿਤਾ ਵਿਚ ਇਸ ਦੀ ਕਾਫੀ ਝਲਕ ਦਿਸਦੀ ਹੈ ।

ਰੂਸੀ ਪ੍ਰਭਾਵ ਵੀ ਸਾਡੇ ਤੱਕ ਅੰਗਰੇਜੀ ਰਾਹੀਂ ਪੁੱਜਦੇ ਰਹੇ ਹਨ । ਦਸਤੋਵਸਕੀ, ਟਾਲਸਟਾਏ, ਚੈਖ਼ੋਵ, ਗੋਰਕੀ, ਸ਼ੋਲੋਖੋਵ ਆਦਿ ਸਾਹਿਤਕਾਰਾਂ ਦੇ ਵਿਚਾਰਾਂ ਨੇ ਬਹੁਤ ਸ਼ਕਤੀਸ਼ਾਲੀ ਪ੍ਰਭਾਵ ਪਾਇਆ ਹੈ । ਟਾਲਸਟਾਏ ਦੀ ਧਾਰਮਿਕ ਖੇਤਰ ਦੀ ਨੈਤਿਕਤਾ ਅਤੇ ਉਸ ਦਾ ਬਾਗ਼ੀ ਆਦਰਸ਼ਵਾਦ ਸਾਡੇ ਬਹੁਤ ਸਾਰੇ ਲੋਕਾਂ ਨੇ ਅਪਣਾਇਆ ਹੈ । ਇਹ ਪ੍ਰਭਾਵ ਮਹਾਤਮਾ ਗਾਂਧੀ ਉਪਰ ਵੀ ਮੰਨਿਆ ਜਾਂਦਾ ਹੈ । ਪਰੰਤੂ, ਇਸ ਦਾ ਬਹੁਤਾਂ ਪ੍ਰਭਾਵ ਗੁਰਬਖਸ਼ ਸਿੰਘ ਪ੍ਰੀਤਲੜੀ ਅਤੇ ਨਾਨਕ ਸਿੰਘ ਦੀ ਰਚਨਾ ਵਿਚੋਂ ਲੱਭਦਾ ਹੈ । ਪੰਜਾਬੀ ਨਿੱਕੀ ਕਹਾਣੀ ਨੂੰ ਚੈਖ਼ੋਵ ਦਾ ਬਹੁਤ ਵੱਡਾ ਯੋਗਦਾਨ ਹੈ । ਗੋਰਕੀ ਨੇ ਸਾਨੂੰ ਸਮਾਜਵਾਦੀ ਵਿਚਾਰਾਂ ਨਾਲ ਪ੍ਰਭਾਵਿਤ ਕੀਤਾ ਹੈ ।

ਨਾਰਵੇ ਦੇ ਨਾਟਕਕਾਰ ਇਬਸਨ ਦਾ ਪ੍ਰਭਾਵ ਵੀ ਸਾਡੇ ਤਕ ਅੰਗਰੇਜ਼ੀ ਰਾਹੀਂ ਹੀ ਆਇਆ ਹੈ । ਸਮਾਜ ਵਿਚ ਇਸਤਰੀ ਦੀ ਸਥਿਤੀ ਵੱਲ ਧਿਆਨ ਦਿਵਾਉਣਾ ਇਬਸਨ ਦੇ ਨਾਟਕਾਂ ਦਾ ਮੁੱਖ ਵਿਸ਼ਾ ਸੀ । ਅੰਗਰੇਜ਼ੀ ਨਾਟਕਕਾਰ ਬਰਨਾਰਡ ਸ਼ਾ ਜਿਹੜਾ ਹੋਰ ਕਿਸੇ ਵੀ ਸਾਹਿਤਕਾਰ ਦੇ ਪ੍ਰਭਾਵ ਨੂੰ ਸਵੀਕਾਰ ਨਹੀਂ ਸੀ ਕਰਦਾ, ਇਬਸਨ ਨੂੰ ਉਸਤਾਦ ਮੰਨਦਾ ਸੀ । ਪੰਜਾਬੀ ਦੇ ਬਹੁਤ ਸਾਰੇ ਨਾਟਕਕਾਰਾਂ ਉਪਰ ਉਸਦਾ ਚੋਖਾ ਪ੍ਰਭਾਵ ਦਿਸਦਾ ਹੈ ।

**129.** ਪੰਜਾਬੀ ਵਿੱਚ ਅਣਹੋਂਣਪਣ ਦਾ ਸੰਕਲਪ ਕਿਸ ਦੇ ਨਾਵਲ ਤੋਂ ਆਇਆ ?

(1) ਕਾਮੂ

(2) ਚੈਖ਼ੋਵ

(3) ਟਾਲਸਟਾਏ

(4) ਜਾਂ ਪਾਲ ਸਾਰਤਰ

**130.** ਨਾਨਕ ਸਿੰਘ ਦੀ ਰਚਨਾ ਉੱਤੇ ਕਿਸ ਦਾ ਪ੍ਰਭਾਵ ਪਿਆ ?

(1) ਸ਼ੋਲੋਖੋਵ

(2) ਦਸਤੋਵਸਕੀ

(3) ਟਾਲਸਟਾਏ

(4) ਗੋਰਕੀ

**131.** ਬਰਨਾਰਡ ਸ਼ਾ ਨੇ ਕਿਸ ਦਾ ਪ੍ਰਭਾਵ ਕਬੂਲਿਆ ?

(1) ਕਾਮੂ

(2) ਇਬਸਨ

(3) ਜਾਂ ਪਾਲ ਸਾਰਤਰ

(4) ਪ੍ਰੀਤਲੜੀ

**132.** ਪੰਜਾਬੀ ਦੀ ਨਿੱਕੀ ਕਹਾਣੀ ਨੂੰ ਕਿਸਨੇ ਪ੍ਰਭਾਵਿਤ ਕੀਤਾ ?

(1) ਇਬਸਨ

(2) ਬਰਨਾਰਡ ਸ਼ਾ

(3) ਮਹਾਤਮਾ ਗਾਂਧੀ

(4) ਚੈਖ਼ੋਵ

**133.** 'ਉਸਤਾਦ' ਦਾ ਵਿਰੋਧੀ ਸ਼ਬਦ ਚੁਣੋ :

(1) ਸ਼ਾਗਿਰਦ

(2) ਗੁਰੂ

(3) ਮੁਰਸ਼ਿਦ

(4) ਅਧਿਆਪਕ

**134.** ਗੋਰਕੀ ਨੇ ਕਿਹੜੀ ਵਿਚਾਰਧਾਰਾ ਨੂੰ ਪ੍ਰਭਾਵਿਤ ਕੀਤਾ ?

(1) ਕਾਮੂ

(2) ਗੋਰਕੀ

(3) ਇਬਸਨ

(4) ਸਾਰਤਰ

**135.** ਦੋਸਤੋਵਸਕੀ ਕਿਸ ਦੇਸ਼ ਨਾਲ ਸੰਬੰਧਤ ਹੈ ?

(1) ਨਾਰਵੇ

(2) ਇੰਗਲੈਂਡ

(3) ਅਮਰੀਕਾ

(4) ਰੂਸ

***ਨਿਰਦੇਸ਼ :*** *ਢੁੱਕਵੇਂ ਵਿਕਲਪਾਂ ਨਾਲ ਹੇਠ ਲਿਖੇ ਪ੍ਰਸ਼ਨਾਂ (136 – 150) ਦੇ ਉੱਤਰ ਦਿਓ ।*

**136.** ਪੜ੍ਹਨਾ ਸਿਖਾਉਣ ਦਾ ਇੱਕ ਤਰੀਕਾ, ਜੋ ਸ਼ਬਦਾਂ ਦੇ ਸੰਦਰਭ ਵਿੱਚ ਉਨ੍ਹਾਂ ਦੇ ਅਰਥ ਸਮਝਣ ਉੱਤੇ ਬਲ ਦਿੰਦਾ ਹੈ, ਉਸ ਨੂੰ ਕਹਿੰਦੇ ਹਨ ________ ।

(1) ਬੌਟਮ ਅੱਪ ਅਪਰੋਚ

(2) ਸਮੁੱਚੀ ਭਾਸ਼ਾ ਦੀ ਪਹੁੰਚ

(3) ਸੰਰਚਨਾਤਮਕ ਪਹੁੰਚ

(4) ਸੰਚਾਰਾਤਮਕ ਪਹੁੰਚ

**137.** ਭਾਸ਼ਾ ਬਾਰੇ ਸੋਚਣ ਤੇ ਗੱਲ ਕਰਨ ਦੀ ਯੋਗਤਾ ਹੈ –

(1) ਇਕ ਨਿਪੁੰਨ ਬੁਲਾਰਾ

(2) ਆਪਾਤਕਾਲੀਨ ਸ਼ਾਖ਼ਰਤਾ

(3) ਪਾਰਭਾਸ਼ਾਈ ਯੋਗਤਾਵਾਂ

(4) ਧੁਨੀਆਤਮਕ ਜਾਗਰੂਕਤਾ

**138.** ਇੱਕ ਮਾਂ ਦੂਜੀ ਜਮਾਤ ਦੇ ਅਧਿਆਪਕ ਨੂੰ ਕਹਿੰਦੀ ਹੈ ਕਿ ਉਸ ਨੂੰ ਲੱਗਦਾ ਹੈ ਕਿ ਉਸ ਦਾ ਬੱਚਾ ਕਦੇ-ਕਦੇ ਅਜਿਹੀਆਂ ਗੱਲਾਂ ਕਰਦਾ ਹੈ, ਜੋ ਉਸ ਨੇ ਕਿਸੇ ਹੋਰ ਬੱਚੇ ਤੋਂ ਨਹੀਂ ਸੁਣੀਆਂ । ਇਹ ਕਿਵੇਂ ਸੰਭਵ ਹੋ ਸਕਦਾ ਹੈ ?

ਹੇਠ ਲਿਖਿਆਂ ਵਿੱਚੋਂ ਕਿਹੜਾ ਇਸ ਪ੍ਰਸ਼ਨ ਦਾ ਢੁੱਕਵਾਂ ਉੱਤਰ ਹੈ ?

(1) ਮਨੁੱਖੀ ਦਿਮਾਗ ਜਮਾਂਦਰੂ ਭਾਸ਼ਾ ਸਿੱਖਣ ਲਈ ਬਣਿਆ ਹੈ ।

(2) ਜਦੋਂ ਅਸੀਂ ਬੱਚੇ ਦੀ ਭਾਸ਼ਾ ਦੇ ਵਿਕਾਸ ਉੱਤੇ ਜ਼ੋਰ ਦਿੰਦੇ ਹਾਂ ਤਾਂ ਉਹ ਭਾਸ਼ਾ ਸਿੱਖਦਾ ਹੈ ।

(3) ਰਚਨਾਤਮਕ ਪਹੁੰਚ ਅਨੁਸਾਰ ਬੱਚੇ ਨਵੀਆਂ ਭਾਸ਼ਾਵਾਂ ਘੜ ਸਕਦੇ ਹਨ ।

(4) ਬੱਚਾ ਸਿਰਫ ਆਪਣੇ ਸਾਥੀਆਂ ਦੀ ਨਕਲ ਕਰਕੇ ਭਾਸ਼ਾ ਸਿੱਖ ਰਿਹਾ ਹੈ ।

**139.** ਸ਼ੁਰੂਆਤੀ ਪੜ੍ਹਾਈ ਨੂੰ ਸੁਖਾਲਾ ਬਣਾਉਣ ਲਈ ਇਕ ਤਕਨੀਕ ਹੈ, ਜੋ ਇਕ ਪ੍ਰੌੜ ਤੇ ਇੱਕ ਬੱਚੇ ਨੂੰ ਇਕੱਠੇ ਕਿਤਾਬ ਉੱਤੇ ਵੇਖਣ ਲਈ ਸ਼ਾਮਿਲ ਕਰਦੀ ਹੋ । ਪ੍ਰੌੜ ਸਵਾਲ ਪੁੱਛਦਾ ਅਤੇ ਗੱਲਬਾਤ ਲਈ ਉਤਸ਼ਾਹਿਤ ਕਰਦਾ ਹੈ । ਇਸ ਉਪਰੰਤ ਬੱਚਾ, ਪ੍ਰੌੜ ਦੇ ਸੁਆਲਾਂ ਨੂੰ ਪੁੱਛਦਾ ਹੈ । ਇਹ ਹੈ –

(1) ਸ਼ੇਅਰਡ ਰੀਡਿੰਗ

(2) ਡਾਇਲੌਜਿਕ ਰੀਡਿੰਗ

(3) ਕਹਾਣੀ ਸੁਣਾਉਣੀ

(4) ਮਾੱਡਲ ਰੀਡਿੰਗ

140. ਇਕ ਅਧਿਆਪਕ __________ ਦੁਆਰਾ ਭਾਸ਼ਾ ਦੇ ਸਿਖਿਆਰਥੀਆਂ ਦੇ ਸੁਣਨ ਕੌਸ਼ਲ ਨੂੰ ਵਿਕਸਿਤ ਕਰ ਸਕਦਾ ਹੈ ।

(1) ਹੋਰ ਭਾਸ਼ਾਈ ਕੌਸ਼ਲਾਂ ਨਾਲ ਜੋੜਨ ਤੋਂ ਬਿਨਾ ਸਿਰਫ਼ ਸੁਣਨ ਕੌਸ਼ਲਾਂ ਉੱਤੇ ਕੇਂਦ੍ਰਿਤ ਰਹਿ ਕੇ ।

(2) ਵੱਖ-ਵੱਖ ਸਾਧਨਾਂ ਅਤੇ ਲੋਕਾਂ ਨੂੰ ਸੁਣਨ ਵਾਸਤੇ ਸਿਖਿਆਰਥੀਆਂ ਲਈ ਮੌਕੇ ਪੈਦਾ ਕਰਕੇ ਅਤੇ ਸੁਣਨ ਅਭਿਆਸਾਂ ਵਿੱਚ ਵਿਅਸਤ ਕਰਕੇ ।

(3) ਆਲਸ ਨਾਲ ਸੁਣਨ ਵਾਲੇ ਸਿਖਿਆਰਥੀਆਂ ਨੂੰ ਹਰ ਚੀਜ਼ ਨੂੰ ਸੁਣਨ ਦੇ ਯੋਗ ਬਣਾਉਣਾ ।

(4) ਜਮਾਤ ਦੇ ਅੰਦਰ ਤੇ ਬਾਹਰ ਸਿਖਿਆਰਥੀਆਂ ਨਾਲ ਲਗਾਤਾਰ ਗੱਲਬਾਤ ਰਾਹੀਂ ।

141. ਕਥਨ (A) : ਪ੍ਰਾਇਮਰੀ ਪੱਧਰ ਉੱਤੇ ਭਾਸ਼ਾ ਵਿੱਚ ਦਰੁਸਤੀ ਬਹੁਤ ਮਹੱਤਵਪੂਰਨ ਹੈ ।

ਕਾਰਨ (R) : ਵਿਆਕਰਨ ਪ੍ਰਾਇਮਰੀ ਪਾਠਕ੍ਰਮ ਦਾ ਇਕ ਅਟੁੱਟ ਹਿੱਸਾ ਹੈ ।

ਹੇਠ ਲਿਖੇ ਕੋਡਾਂ ਵਿਚੋਂ ਸਹੀ ਉੱਤਰ ਦੀ ਚੋਣ ਕਰੋ ।

(1) ਦੋਵੇਂ (A) ਤੇ (R) ਸਹੀ ਹਨ, ਪਰ (R), (A) ਦੀ ਸਹੀ ਵਿਆਖਿਆ ***ਨਹੀਂ*** ਹੈ ।

(2) (A) ਸਹੀ ਹੈ, ਪਰ (R) ਗ਼ਲਤ ਹੈ ।

(3) (A) ਗ਼ਲਤ ਹੈ, ਪਰ (R) ਸਹੀ ਹੈ ।

(4) ਦੋਵੇਂ (A) ਤੇ (R) ਸਹੀ ਹਨ, ਅਤੇ (R), (A) ਦੀ ਸਹੀ ਵਿਆਖਿਆ ਹੈ ।

142. ਭਾਸ਼ਾ ਦੇ ਸੁਭਾਅ ਬਾਰੇ ਸਿਧਾਂਤਕ ਹਾਲਤਾਂ ਅਤੇ ਵਿਸ਼ਵਾਸ, ਭਾਸ਼ਾ ਸਿਖਲਾਈ ਦੀ ਪ੍ਰਕਿਰਤੀ ਅਤੇ ਅਧਿਆਪਨ ਸ਼ਾਸਤਰ ਲਈ ਦੋਵਾਂ ਦਾ ਲਾਗੂਕਰਨ ਹੈ –

(1) ਵਿਸ਼ਾ

(2) ਪਹੁੰਚ

(3) ਤਕਨੀਕ

(4) ਸਿਲੇਬਸ

143. ਫਾਰਮੇਟਿਵ ਮੁਲਾਂਕਨ ਹੈ –

(1) ਲਗਾਤਾਰ ਪ੍ਰਗਤੀ ਅਤੇ ਸੁਧਾਰ ਨਾਲ ਸੰਬੰਧਤ ।

(2) ਕੋਰਸ ਵਿੱਚ ਪਹਿਲਾਂ ਨਿਰਧਾਰਤ ਜਾਂ ਵਿਸ਼ੇਸ਼ ਪੱਧਰ ਉੱਤੇ ਲਾਗੂ ਕਰਨਾ ।

(3) ਤਬਦੀਲੀ ਦੇ ਅਧੀਨ ਨਹੀਂ ਹੈ ।

(4) ਅਧਿਆਪਨ ਤੇ ਸਿਖਲਾਈ ਦੀ ਪ੍ਰਕਿਰਿਆ ਵਿਚ ਕੀ ਹੋ ਰਿਹਾ ਹੈ ।

144. ਯੁਵਾ ਸਿਖਿਆਰਥੀਆਂ ਵਾਸਤੇ ਪਾਠ ਦੀ ਯੋਜਨਾ ਬਣਾਉਂਦਿਆਂ ਅਧਿਆਪਕ ਮੁਕੰਮਲ ਸਰੀਰਕ ਪ੍ਰਤੀਕਿਰਿਆ (TPR) ਵਿਧੀ ਉੱਤੇ ਬਲ ਦੇਣ ਦਾ ਫ਼ੈਸਲਾ ਕਰਦਾ ਹੈ । ਪਾਠ ਵਿੱਚ TPR ਨੂੰ ਸ਼ਾਮਿਲ ਕਰਨ ਲਈ ਅਧਿਆਪਕ ਨੂੰ ਕਿਸ ਦੀ ਵਰਤੋਂ ਕਰਨੀ ਚਾਹੀਦੀ ਹੈ ?

(1) ਅਜਿਹੀਆਂ ਗਤੀਵਿਧਿਆਂ ਰੱਖੇ ਜੋ ਉਨ੍ਹਾਂ ਦੀ ਸੀਟਾਂ ਉੱਤੇ ਬੈਠੇ ਰਹਿਣ ਅਤੇ ਜੋੜਿਆਂ ਜਾਂ ਸਮੂਹ ਵਿੱਚ ਕੰਮ ਕਰਨ ਵਿਚ ਮਦਦ ਕਰੇ ।

(2) ਜਮਾਤ ਵਿੱਚ ਕੁੱਝ ਸੁਣਨ ਦੀ ਗਤੀਵਿਧੀ ਜ਼ਰੂਰ ਸ਼ਾਮਿਲ ਕਰੇ ।

(3) ਗਤੀਵਿਧੀਆਂ ਨੂੰ ਪਾਸੇ ਰੱਖਦੇ ਹੋਏ ਸਵਾਲ ਪੁੱਛੇ ਅਤੇ ਉਨ੍ਹਾਂ ਨੂੰ ਜੁਆਬ ਦੇਣ ਲਈ ਪ੍ਰੇਰਿਤ ਕਰੇ ।

(4) ਜਮਾਤ ਵਿੱਚ ਕੁੱਝ ਸਰੀਰਕ ਗਤੀਵਿਧੀਆਂ ਨੂੰ ਜੋੜਨ ਨੂੰ ਯਕੀਨੀ ਬਣਾਉਣਾ ਚਾਹੀਦਾ ਹੈ ।

**145.** ਵਿਆਕਰਨ ਦੀ ਕਿਹੜੀ ਪਹੁੰਚ ਵਿਸ਼ਵਾਸ ਪੈਦਾ ਕਰਦੀ ਹੈ ਕਿ ਭਾਸ਼ਾ ਦੀ ਸਿਖਿਆ ਨੇਮਾਂ ਨੂੰ ਸਿੱਖਣ ਦਾ ਸਾਧਨ ਹੈ ?

(1) ਇਨਡਕਟਿਵ

(2) ਸੰਚਾਰਾਤਮਕ

(3) ਵਿਆਕਰਨ ਅਨੁਵਾਦ

(4) ਡਿਡੱਕਟਿਵ

**146.** ਇਕ ਅਧਿਆਪਕ ਪੰਜਵੀ ਜਮਾਤ ਦੇ ਸਿਖਿਆਰਥੀਆਂ ਨੂੰ ਇਕ ਫ੍ਰੀ ਲਿਖਤ ਦਾ ਕੰਮ ਦੇਣ ਦੀ ਯੋਜਨਾ ਬਣਾ ਰਿਹਾ ਹੈ । ਅਧਿਆਪਕ ਨੂੰ ਹੇਠ ਲਿਖਿਆਂ ਵਿਚੋਂ ਕਿਸ ਉੱਪਰ ਵਧੇਰੇ ਧਿਆਨ ਕੇਂਦ੍ਰਿਤ ਕਰਨਾ ਚਾਹੀਦਾ ਹੈ ?

(1) ਵਿਸ਼ੇ ਦੇ ਉਚਾਰਨ

(2) ਉਚਾਰਨ ਅਤੇ ਦਰੁਸਤੀ ਦੋਵੇਂ

(3) ਸਿਖਿਆਰਥੀ ਦੀ ਲਿਖਤ

(4) ਵਿਸ਼ੇ ਦੀ ਦਰੁਸਤੀ

**147.** ਟੋਪ ਡਾਊਨ ਦਾ ਅਰਥ ਹੈ 'ਸਮੁੱਚੇ ਅਰਥ ਦਾ ਪਤਾ ਲਾਉਣਾ' । ਬਾੱਟਮ ਅੱਪ ਦਾ ਅਰਥ ਕੀ ਹੋਵੇਗਾ ?

(1) ਅਗਾਊਂ ਪੜ੍ਹਤ ਉਤੇ ਜ਼ੋਰ

(2) ਟੈਕਸਟ ਦੇ ਸ਼ਬਦਾਂ ਅਤੇ ਵਾਕਾਂਸ਼ਾਂ ਉੱਤੇ ਬਲ

(3) ਛੋਟੇ ਪ੍ਰਸ਼ਨ-ਉੱਤਰ ਪੁੱਛਣ ਉੱਤੇ ਬਲ

(4) ਪਾਠ ਦੇ ਨਿਚੋੜ ਅਤੇ ਸੰਖੇਪ ਵਿਚਾਰਾਂ ਉੱਤੇ ਜ਼ੋਰ

**148.** ਹੇਠ ਲਿਖਿਆਂ ਵਿੱਚ ਕਿਹੜੀ ਭਾਸ਼ਾ ਦੇ ਅਧਿਆਪਕ ਦੀ ਮੁੱਢਲੀ ਜ਼ਿੰਮੇਵਾਰੀ ਹੈ ?

(1) ਅਧਿਆਪਨ ਲਈ ਢੁੱਕਵੇਂ ਵਿਸ਼ੇ ਦੀ ਚੋਣ

(2) ਸਿਖਿਆਰਥੀਆਂ ਨੂੰ ਵੱਖ-ਵੱਖ ਜਮਾਤਾਂ ਵਿੱਚ ਵੰਡਣਾ

(3) ਸਿਖਿਆਰਥੀਆਂ ਨੂੰ ਨਿਰਦੇਸ਼ ਦੇਣਾ

(4) ਸਿਖਿਆਰਥੀ ਦੀਆਂ ਸੰਚਾਰਾਤਮਕ ਲੋੜਾਂ ਦੀ ਪਛਾਣ

**149.** ਇਕ ਯੁਵਾ ਬੱਚਾ ਇਕ ਕਿਤਾਬ ਫੜ ਕੇ ਸੱਜੇ ਪਾਸੇ ਤੋਂ ਸਫ਼ੇ ਪਲਟਦਾ ਹੈ । ਇਸ ਵਿਚ ਸ਼ਾਮਲ ਹੈ _____ ।

(1) ਆਪਾਤਕਾਲੀਨ ਪਾਠਕ੍ਰਮ

(2) ਆਪਾਤਕਾਲੀਨ ਸਾਜ-ਸਮਾਨ

(3) ਆਪਾਤਕਾਲੀਨ ਸਮਾਧਾਨ ਕੌਸ਼ਲ

(4) ਆਪਾਤਕਾਲੀਨ ਸ਼ਾਖ਼ਰਤਾ ਕੌਸ਼ਲ

**150.** ਕਥਨ (A) : ਸਿਖਿਆਰਥੀ ਭਾਸ਼ਾ ਗ੍ਰਹਿਣ ਕਰਦੇ ਹਨ, ਕਿਉਂ ਜੋ ਉਹ ਜਮਾਂਦਰੂ ਅਜਿਹਾ ਕਰ ਸਕਦੇ ਹਨ ਅਤੇ ਮਹੌਲ ਨੇ ਇਸ ਵਿੱਚ ਕੋਈ ਭੂਮਿਕਾ ਨਹੀਂ ਨਿਭਾਈ ।

ਕਾਰਨ (R) : ਸਿਖਿਆਰਥੀ ਕੇਂਦ੍ਰਿਤ ਜਮਾਤ ਦੇ ਮਹੌਲ ਦਾ ਭਾਸ਼ਾ ਨੂੰ ਗ੍ਰਹਿਣ ਕਰਨ ਵਿੱਚ ਇੱਕ ਵੱਡਾ ਹੱਥ ਹੈ ।

ਹੇਠ ਲਿਖੇ ਕੋਡਾਂ ਵਿੱਚ ਸਹੀ ਉੱਤਰ ਚੁਣੋ :

(1) ਦੋਵੇਂ (A) ਤੇ (R) ਸਹੀ ਹਨ, ਪਰ (R), (A) ਦੀ ਸਹੀ ਵਿਆਖਿਆ ***ਨਹੀਂ*** ਹੈ ।

(2) (A) ਸਹੀ ਹੈ, ਪਰ (R) ਗ਼ਲਤ ਹੈ ।

(3) (A) ਗ਼ਲਤ ਹੈ, ਪਰ (R) ਸਹੀ ਹੈ ।

(4) ਦੋਵੇਂ (A) ਤੇ (R) ਸਹੀ ਹਨ, ਅਤੇ (R), (A) ਦੀ ਸਹੀ ਵਿਆਖਿਆ ਹੈ ।

# SPACE FOR ROUGH WORK

# SPACE FOR ROUGH WORK

***ਹੇਠ ਲਿਖੀਆਂ ਹਿਦਾਇਤਾਂ ਧਿਆਨ ਨਾਲ ਪੜ੍ਹੋ :***

1. ਜਿਹ ਪ੍ਰਕਾਰ ਤੋਂ ਵੱਖੋ ਵੱਖ ਪ੍ਰਸ਼ਨਾਂ ਦੇ ਉੱਤਰ ਦਿਤੇ ਜਾਣੇ ਹਨ ਉਸਦਾ ਵਰਣਨ ਪਰੀਖਿਆ ਪੁਸਤਿਕਾ ਵਿੱਚ ਕੀਤਾ ਗਿਆ ਹੈ, ਜਿਸਨੂੰ ਤੁਸੀ ਪ੍ਰਸ਼ਨਾਂ ਦਾ ਉੱਤਰ ਦੇਣ ਤੋਂ ਪਹਿਲਾ ਧਿਆਨ ਨਾਲ ਪੜ੍ਹ ਲਵੋਂ ।
2. ਹਰੇਕ ਪ੍ਰਸ਼ਨ ਲਈ ਦਿੱਤੇ ਗਏ ਚਾਰ ਵਿਕਲਪਾਂ ਵਿੱਚੋਂ ਸਹੀ ਉੱਤਰ ਲਈ ਓ.ਐੱਮ.ਆਰ. (OMR) ਉੱਤਰ ਪੱਤਰ ਦੇ **ਪੰਨਾ-2** ਵਿੱਚ ਇੱਕ ਗੋਲੇ ਨੂੰ ਹੀ ਪੂਰੀ ਤਰ੍ਹਾਂ **ਨੀਲੇ/ਕਾਲੇ ਬਾਲ ਪੁਆਇੰਟ ਪੈੱਨ** ਨਾਲ ਭਰੋ । ਇੱਕ ਵਾਰ ਉੱਤਰ ਭਰਨ ਤੋਂ ਬਾਅਦ ਉਸਨੂੰ ਬਦਲਿਆ ਨਹੀਂ ਜਾ ਸਕਦਾ ।
3. ਪਰੀਖਿਆਰਥੀ ਇਸ ਗੱਲ ਦਾ ਧਿਆਨ ਦੇਣ ਕਿ ਉੱਤਰ ਪੱਤਰ ਨੂੰ ਨਾ ਮੋੜਿਆ ਜਾਵੇ ਅਤੇ ਨਾ ਹੀ ਉਸ ਉਪਰ ਕੋਈ ਨਿਸ਼ਾਨ ਲਗਾਇਆ ਜਾਵੇ । ਪਰੀਖਿਆਰਥੀ ਆਪਣਾ ਰੋਲ ਨੰਬਰ ਉੱਤਰ ਪੱਤਰ ਵਿੱਚ ਨਿਰਧਾਰਿਤ ਥਾਂ ਤੋਂ ਇਲਾਵਾ ਕਿਥੇ ਨਾ ਲਿਖਣ ।
4. ਪਰੀਖਿਆ ਪੁਸਤਿਕਾ ਅਤੇ ਉੱਤਰ ਪੱਤਰ ਦੀ ਵਰਤੋਂ ਧਿਆਨ ਨਾਲ ਕਰੋ, ਕਿਉਂਕਿ ਕਿਸੀ ਵੀ ਪਰਿਸਥਿਤੀ ਵਿੱਚ (ਕੇਵਲ ਪਰੀਖਿਆ ਪੁਸਤਿਕਾ ਅਤੇ ਉੱਤਰ ਪੱਤਰ ਦੇ ਕੋਡ ਅਤੇ ਨੰਬਰ ਵਿੱਚ ਫ਼ਰਕ ਹੋਣ ਦੀ ਸਥਿਤੀ ਵਿੱਚ) ਦੂਜੀ ਪਰੀਖਿਆ ਪੁਸਤਿਕਾ ਨਹੀਂ ਦਿੱਤੀ ਜਾਵੇਗੀ ।
5. ਪਰੀਖਿਆ ਪੁਸਤਿਕਾ/ਉੱਤਰ ਪੱਤਰ ਵਿੱਚ ਦਿੱਤੇ ਗਏ ਪਰੀਖਿਆ ਪੁਸਤਿਕਾ ਕੋਡ ਅਤੇ ਨੰਬਰ ਨੂੰ ਪਰੀਖਿਆਰਥੀ ਸਹੀ ਤਰੀਕੇ ਨਾਲ ਹਾਜਰੀ-ਪੱਤਰ ਵਿੱਚ ਲਿਖਣ ।
6. ਓ.ਐੱਮ.ਆਰ. (OMR) ਉੱਤਰ ਪੱਤਰ ਵਿੱਚ ਕੋਡਿਤ ਜਾਣਕਾਰੀ ਨੂੰ ਇਕ ਮਸ਼ੀਨ ਪੜ੍ਹੇਗੀ । ਇਸ ਲਈ ਕੋਈ ਵੀ ਸੂਚਨਾ ਅਧੂਰੀ ਨਹੀਂ ਛੋੜੇ ਅਤੇ ਇਹ ਪ੍ਰਵੇਸ਼ ਪੱਤਰ ਵਿੱਚ ਦਿਤੀ ਗਈ ਸੂਚਨਾ ਤੋਂ ਵੱਖ ਨਹੀਂ ਹੋਣੀ ਚਾਹੀਦੀ ।
7. ਪਰੀਖਿਆਰਥੀ ਦੁਆਰਾ ਪਰੀਖਿਆ ਹਾਲ/ਕਮਰੇ ਵਿੱਚ ਪ੍ਰਵੇਸ਼ ਪੱਤਰ ਤੋਂ ਇਲਾਵਾ ਕਿਸੀ ਪ੍ਰਕਾਰ ਦੀ ਪਾਠ-ਸਮਗਰੀ, ਪ੍ਰਿੰਟਿਡ ਜਾਂ ਹੱਥ ਲਿਖਤ, ਕਾਗਜ਼ ਦੀਆਂ ਪਰਚੀਆਂ, ਪੇਜਰ, ਮੋਬਾਇਲ ਫੋਨ, ਇਲੈਕਟ੍ਰਾਨਿਕ ਯੰਤਰ ਜਾਂ ਕਿਸੀ ਹੋਰ ਪ੍ਰਕਾਰ ਦੀ ਸਮਗਰੀ ਨੂੰ ਲਿਜਾਣ ਦੀ ਜਾਂ ਵਰਤਣ ਦੀ ਇਜਾਜ਼ਤ ਨਹੀਂ ਹੈ ।
8. ਮੋਬਾਇਲ ਫੋਨ, ਬੇਤਾਰ ਸੰਚਾਰ ਯੁਕਤਿਆਂ (ਸੱਵੀਚ ਆਫ ਅਵਸਥਾ ਵਿੱਚ ਵੀ) ਅਤੇ ਹੋਰ ਪ੍ਰਤਿਬੰਧਿਤ ਵਸਤੂਆਂ ਪਰੀਖਿਆ ਹਾਲ/ਕਮਰੇ ਵਿੰਚ ਨਹੀਂ ਲਈ ਜਾਣੀ ਚਾਹੀਦੀ । ਇਸ ਸੂਚਨਾ ਦਾ ਪਾਲਨ ਨਹੀਂ ਹੋਣ ਤੇ ਇਸੇ ਪਰੀਖਿਆ ਵਿੱਚ ਅਨੁਚਿਤ ਸਾਧਨਾਂ ਦੀ ਵਰਤੋਂ ਮੰਨਿਆ ਜਾਵੇਗਾ ਅਤੇ ਪਰੀਖਿਆਰਥੀ ਕੇ ਵਿਰੁਧ ਕਾਰਵਾਹੀ ਕੀਤੀ ਜਾਵੇਗੀ, ਪਰੀਖਿਆ ਰਦੱ ਕਰਨ ਸਹਿਤ ।
9. ਨਿਰੀਖਿਅਕ ਦੇ ਮੰਗਣ ਤੇ ਹਰੇਕ ਪਰੀਖਿਆਰਥੀ ਆਪਣਾ ਪ੍ਰਵੇਸ਼ ਪੱਤਰ ਜ਼ਰੂਰ ਦਿਖਾਏ ।
10. ਕੇਂਦ੍ਰ ਸੁਪਰਿਨਟੈਂਡੈਂਟ ਜਾਂ ਨਿਰੀਖਿਅਕ ਦੀ ਖਾਸ ਇਜਾਜ਼ਤ ਤੋਂ ਬਿਨਾਂ ਪਰੀਖਿਆਰਥੀ ਆਪਣੀ ਸੀਟ ਨਾ ਛੱਡੇ ।
11. ਨਿਰੀਖਿਅਕ ਨੂੰ ਆਪਣਾ ਉੱਤਰ ਪੱਤਰ ਦਿੱਤੇ ਬਿਨਾਂ ਅਤੇ ਹਾਜ਼ਰੀ-ਪੱਤਰ ਉੱਤੇ ਦੁਬਾਰਾ ਦਸਖ਼ਤ ਕੀਤੇ ਬਿਨਾਂ ਪਰੀਖਿਆਰਥੀ, ਪਰੀਖਿਆ ਹਾਲ/ਕਮਰਾ ਨੂੰ ਨਹੀਂ ਛੱਡਣਗੇ । ਜੇਕਰ ਕਿਸੀ ਪਰੀਖਿਆਰਥੀ ਨੇ ਦੂਜੀ ਵਾਰ ਹਾਜ਼ਰੀ-ਪੱਤਰ ਉੱਤੇ ਦਸਖ਼ਤ ਨਹੀਂ ਕੀਤੇ ਤਾਂ ਇਹ ਸਮਝਿਆ ਜਾਵੇਗਾ ਕਿ ਉਸਨੇ ਉੱਤਰ ਪੱਤਰ ਜਮ੍ਹਾ ਨਹੀਂ ਕਰਾਇਆ ਅਤੇ ਇਹ ਅਨੁਚਿਤ ਸਾਧਨ ਦਾ ਮਾਮਲਾ ਮੰਨਿਆ ਜਾਵੇਗਾ । **ਪਰੀਖਿਆਰਥੀ ਅਪਣੇ ਖੱਬੇ ਹੱਥ ਦੇ ਅੰਗੂਠੇ ਦਾ ਨਿਸ਼ਾਨ ਹਾਜ਼ਰੀ-ਪੱਤਰ ਵਿਚ ਦਿਤੇ ਹੋਏ ਸਥਾਨ ਤੇ ਜਰੂਰ ਲਗਾਵੇ ।**
12. ਇਲੈਕਟ੍ਰਾਨਿਕ/ਹੱਥ ਨਾਲ ਚੱਲਣ ਵਾਲੇ ਕੈਲਕੁਲੇਟਰ ਦਾ ਇਸਤੇਮਾਲ ਵਰਜਿਤ ਹੈ ।
13. ਪਰੀਖਿਆਰਥੀ ਪਰੀਖਿਆ ਹਾਲ/ਕਮਰਾ ਵਿੱਚ ਪਰੀਖਿਆ ਸੰਸਥਾ ਦੇ ਸਾਰੇ ਨਿਯਮਾਂ ਅਤੇ ਕਾਨੂੰਨਾਂ ਦੀ ਪਾਲਨਾ ਕਰੇਗਾ । ਅਨੁਚਿਤ ਸਾਧਨਾਂ ਦੇ ਸਾਰੇ ਮਾਮਲਿਆਂ ਲਈ ਫੈਸਲਾ ਪਰੀਖਿਆ ਸੰਸਥਾ ਦੇ ਨਿਯਮਾਂ ਅਤੇ ਕਾਨੂੰਨਾਂ ਅਨੁਸਾਰ ਹੋਵੇਗਾ ।
14. ਕਿਸੇ ਵੀ ਸਥਿਤੀ ਵਿੱਚ ਪਰੀਖਿਆ ਪੁਸਤਿਕਾ ਅਤੇ ਉੱਤਰ ਪੱਤਰ ਦਾ ਕੋਈ ਭਾਗ ਅਲਗ ਨਾ ਕਰੋ ।
15. **ਪਰੀਖਿਆ ਖ਼ਤਮ ਹੋਣ ਤੇ, ਪਰੀਖਿਆਰਥੀ ਹਾਲ/ਕਮਰਾ ਛੱਡਣ ਤੋਂ ਪਹਿਲਾਂ ਆਪਣਾ ਉੱਤਰ ਪੱਤਰ ਨਿਰੀਖਿਅਕ ਨੂੰ ਸੋਂਪੇਗਾ ।** ***ਪਰੀਖਿਆਰਥੀ ਇਸ ਪਰੀਖਿਆ ਪੁਸਤਿਕਾ ਨੂੰ ਆਪਣੇ ਨਾਲ ਲਿਜਾ ਸਕਦੇ ਹਨ ।***

**READ THE FOLLOWING INSTRUCTIONS CAREFULLY :**

1. The manner in which the different questions are to be answered has been explained in the Test Booklet which you should read carefully before actually answering the questions.
2. Out of the four alternatives for each question, only one circle for the correct answer is to be darkened completely with **Blue/Black Ball Point Pen** on **Side-2** of the OMR Answer Sheet. The answer once marked is not liable to be changed.
3. The candidates should ensure that the Answer Sheet is not folded. Do not make any stray marks on the Answer Sheet. Do not write your Roll No. anywhere else except in the specified space in the Answer Sheet.
4. Handle the Test Booklet and Answer Sheet with care, as under no circumstances (except for discrepancy in Test Booklet Code or Number and Answer Sheet Code or Number), another set will be provided.
5. The candidates will write the correct Test Booklet Code and Number as given in the Test Booklet/Answer Sheet in the Attendance Sheet.
6. A machine will read the coded information in the OMR Answer Sheet. Hence, no information should be left incomplete and it should not be different from the information given in the Admit Card.
7. Candidates are not allowed to carry any textual material, printed or written, bits of papers, pager, mobile phone, electronic device or any other material except the Admit Card inside the Examination Hall/Room.
8. Mobile phones, wireless communication devices (even in switched off mode) and the other banned items should not be brought in the examination halls/rooms. Failing to comply with this instruction, will be considered as using unfair means in the examination and action will be taken against the candidate including cancellation of examination.
9. Each candidate must show on demand his / her Admit Card to the Invigilator.
10. No candidate, without special permission of the Centre Superintendent or Invigilator, should leave his / her seat.
11. The candidates should not leave the Examination Hall/Room without handing over their Answer Sheet to the Invigilator on duty and sign the Attendance Sheet twice. Cases where candidate has not signed the Attendance Sheet second time will be deemed not to have handed over the Answer Sheet and dealt with as an unfair means case. **The candidates are also required to put their left-hand THUMB impression in the space provided in the Attendance Sheet.**
12. Use of Electronic/Manual Calculator is prohibited.
13. The candidates are governed by all Rules and Regulations of the Examining Body with regard to their conduct in the Examination Hall/Room. All cases of unfair means will be dealt with as per Rules and Regulations of the Examining Body.
14. No part of the Test Booklet and Answer Sheet shall be detached under any circumstances.
15. **On completion of the test, the candidate must hand over the Answer Sheet to the Invigilator in the Room/Hall.** ***The candidates are allowed to take away this Test Booklet with them.***

**निम्नलिखित निर्देशों को ध्यान से पढ़ें :**

1. जिस प्रकार से विभिन्न प्रश्नों के उत्तर दिए जाने हैं उसका वर्णन परीक्षा पुस्तिका में किया गया है, जिसे आप प्रश्नों का उत्तर देने से पहले ध्यान से पढ़ लें ।
2. प्रत्येक प्रश्न के लिए दिए गए चार विकल्पों में से सही उत्तर के लिए OMR उत्तर पत्र के **पृष्ठ-2** पर केवल एक वृत्त को ही पूरी तरह **नीले/काले बॉल पॉइन्ट पेन** से भरें । एक बार उत्तर अंकित करने के बाद उसे बदला नहीं जा सकता है ।
3. परीक्षार्थी सुनिश्चित करें कि इस उत्तर पत्र को मोड़ा न जाए एवं उस पर कोई अन्य निशान न लगाएँ । परीक्षार्थी अपना अनुक्रमांक उत्तर पत्र में निर्धारित स्थान के अतिरिक्त अन्यत्र न लिखें ।
4. परीक्षा पुस्तिका एवं उत्तर पत्र का ध्यानपूर्वक प्रयोग करें, क्योंकि किसी भी परिस्थिति में (केवल परीक्षा पुस्तिका एवं उत्तर पत्र के कोड या संख्या में भिन्नता की स्थिति को छोड़कर) दूसरी परीक्षा पुस्तिका उपलब्ध नहीं करायी जाएगी ।
5. परीक्षा पुस्तिका/उत्तर पत्र में दिए गए परीक्षा पुस्तिका कोड व संख्या को परीक्षार्थी सही तरीके से उपस्थिति-पत्र में लिखें ।
6. OMR उत्तर पत्र में कोडित जानकारी को एक मशीन पढ़ेगी । इसलिए कोई भी सूचना अधूरी न छोड़ें और यह प्रवेश पत्र में दी गई सूचना से भिन्न नहीं होनी चाहिए ।
7. परीक्षार्थी द्वारा परीक्षा हॉल/कक्ष में प्रवेश पत्र के सिवाय किसी प्रकार की पाठ्य सामग्री, मुद्रित या हस्तलिखित, काग़ज़ की पर्चियाँ, पेजर, मोबाइल फोन, इलेक्ट्रॉनिक उपकरण या किसी अन्य प्रकार की सामग्री को ले जाने या उपयोग करने की अनुमति नहीं है ।
8. मोबाइल फोन, बेतार संचार युक्तियाँ (स्विच ऑफ अवस्था में भी) और अन्य प्रतिबंधित वस्तुएँ परीक्षा हॉल/कक्ष में नहीं लाई जानी चाहिए । इस सूचना का पालन न होने पर इसे परीक्षा में अनुचित साधनों का प्रयोग माना जाएगा और परीक्षार्थी के विरुद्ध कार्यवाही की जाएगी, परीक्षा रद्द करने सहित ।
9. पूछे जाने पर प्रत्येक परीक्षार्थी, निरीक्षक को अपना प्रवेश-पत्र दिखाएँ ।
10. केन्द्र अधीक्षक या निरीक्षक की विशेष अनुमति के बिना कोई परीक्षार्थी अपना स्थान न छोड़ें ।
11. कार्यरत निरीक्षक को अपना उत्तर पत्र दिए बिना एवं उपस्थिति-पत्र पर दुबारा हस्ताक्षर किए बिना परीक्षार्थी परीक्षा हॉल/कक्ष नहीं छोड़ेंगे । यदि किसी परीक्षार्थी ने दूसरी बार उपस्थिति-पत्र पर हस्ताक्षर नहीं किए तो यह माना जाएगा कि उसने उत्तर पत्र नहीं लौटाया है और यह अनुचित साधन का मामला माना जाएगा । **परीक्षार्थी अपने बाएँ हाथ के अँगूठे का निशान उपस्थिति-पत्र में दिए गए स्थान पर अवश्य लगाएँ ।**
12. इलेक्ट्रॉनिक/हस्तचालित परिकलक का उपयोग वर्जित है ।
13. परीक्षा-हॉल/कक्ष में आचरण के लिए परीक्षार्थी परीक्षण संस्था के सभी नियमों एवं विनियमों द्वारा नियमित हैं । अनुचित साधनों के सभी मामलों का फैसला परीक्षण संस्था के नियमों एवं विनियमों के अनुसार होगा ।
14. किसी भी परिस्थिति में परीक्षा पुस्तिका और उत्तर पत्र का कोई भाग अलग न करें ।
15. **परीक्षा सम्पन्न होने पर, परीक्षार्थी कक्ष/हॉल छोड़ने से पूर्व उत्तर पत्र निरीक्षक को अवश्य सौंप दें ।** ***परीक्षार्थी अपने साथ इस परीक्षा पुस्तिका को ले जा सकते हैं ।***